ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

July 1981

ਜੁਲਾਈ ੧੯੮੧



ਪੂਰਬ ਜਨਮ ਕੇ ਮਿਲੇ ਸੰਜੋਗੀ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਸਿਖ ਜੀਊਂਦਾ ਸਤਿਗੁਰਾਂ ਦੇ ਨਾਂ ਤੇ | ਪ੍ਰੋਫੈਸਰ ਪੂਰਨ ਸਿੰਘ ਜੀ | ੩ |
| ਚਰਨ ਕਮਲਾਂ ਦੇ ਜਾਪ ਅਤੇ ਨਾਮ ਦੇ ਜਾਪ ਦੀ ਸਦਰਸਤਾ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| ਸੰਗੀਤ-ਰਸ ਅਤੇ ਕੀਰਤਨ-ਰਸ | ,, ,, ,, | ੮ |
| ਮਨਿ ਜੀਤੈ ਜਗੁ ਜੀਤੁ (ਕਵਿਤਾ) | ਮਾਸਟਰ ਮਾਘ ਸਿੰਘ ਜੀ | ੧੦ |
| ਤੂੰ ਮੇਰੀ ਓਟ ਤੂ ਹੈ ਮੇਰਾ ਮਾਣਾ | ਪ੍ਰੋਫੈਸਰ ਸਾਹਿਬ ਸਿੰਘ ਜੀ | ੧੧ |
| ਇਹ ਕੰਡਿਆਲਾ ਰਾਹ | ਗਿਆਨੀ ਦੀਦਾਰ ਸਿੰਘ ਜੀ | ੧੫ |
| ਕੁਮਾਰ-ਹੱਟੀ ਕਿ ਕਰਤਾਰ-ਹੱਟੀ | ਭਾਈ ਸਾਹਿਬ ਰਾਮ ਸਿੰਘ ਜੀ | ੧੮ |
| ਪ੍ਰੇਮ ਭੈ-ਭਾਵਨੀ ਅੰਦਰ | ,, ,, ,, | ੧੯ |
| ਸਲੋਕ ਸਹਸਕ੍ਰਿਤੀ (੫) ਅਰਥ ਵਿਚਾਰ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੧ |
| ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੩੨) | ਕੈਪਟਿਨ ਸਵਰਨ ਸਿੰਘ ਜੀ | ੨੭ |
| ਆਸਾੜੁ ਭਲਾ ਸੂਰਜੁ ਗਗਨਿ ਤਪੈ | 'ਸੂਰਾ' ਪਰਵਾਰ | ੩੫ |
| ਕੁਮਾਰਹੱਟੀ ਦੇ ਭਾਗ ਜਾਗਣੇ | ਪ੍ਰੋਫੈਸਰ ਠਾਕਰ ਸਿੰਘ ਜੀ | ੩੯ |
| ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ | ਭਾ: ਸਾ: ਰਾਮ ਸਿੰਘ ਜੀ | ੪੧ |


ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਵਤਾਰ ਧਾਰਿਆ ੨੫ ਜੁਲਾਈ

## ਮਈ ਤੇ ਜੂਨ ਵਿਚ 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ: ਗੁਰਬਖਸ ਸਿੰਘ ਸਿਵੀਆ ਗ੍ਰੇਵਜ਼ੈਂਡ ਯੂ. ਕੇ. | 40-80 | ਸ ਮਨਜੀਤ ਸਿੰਘ ਐਂਡ ਬ੍ਰਦਰਜ਼ ਝਾਲਰਾ ਪਟਨ | 10-00 |
| ਸ: ਮਨਜੀਤ ਸਿੰਘ ਯੂ. ਕੇ. | 100-00 | ਸ: ਕਰਨੈਲ ਸਿੰਘ ਅਬੂਧਾਬੀ | 125-00 |
| ਸ: ਅਮਰੀਕ ਸਿੰਘ ਯੂ. ਕੇ. | 60-00 | ਸ: ਬਤਾ ਸਿੰਘ ਰੀਹਲ ਬਰਮਿੰਘਮ | 87-50 |
| ਸ: ਭਗਤ ਸਿੰਘ ਬ੍ਰਸੈਲਰ ਹੁਸ਼ਿਆਰਪੁਰ | 11-00 | ਇਕ ਗੁਰਮੁਖ ਪਿਆਰੇ | 25-00 |
| ਗਿ. ਜੋਗਿੰਦਰ ਸਿੰਘ ਘਿਓ ਵਾਲੇ ਦਸੂਹਾ | 11-00 | ਸ: ਕਰਮ ਸਿੰਘ ਸੱਗੂ ਗੋਰਾਇਆ | 5-00 |
| ਸ: ਹਰਬੰਸ ਸਿੰਘ ਬੱਗਾ ਬੱਦੋਵਾਲ | 21-00 | ਸ: ਹਰਜੀਤ ਸਿੰਘ ਲੀਡਜ਼ ਯੂ. ਕੇ. | 10-55 |
| ਡਾ: ਚਰਨਜੀਤ ਸਿੰਘ ਗੁਰਤੇਜ ਸਿੰਘ ਪਥਰਡੀਹ | | ਸ: ਬਲਵਿੰਦਰ ਸਿੰਘ ਜੀ ਦੇ ਅੰਤਮ ਭੋਗ ਸਮੇਂ | 21-00 |
| ,, ,, ,, ,, | | ਭੁਜੰਗੀ ਦੇ ਅਨੰਦ ਦੀ ਖ਼ੁਸ਼ੀ ਵਿਚ | 10-00 |
| ਸ੍ਰਦਾਰਨੀ ਸ. ਮਿਹਰਬਾਨ ਸਿੰਘ ਕਲੇਰ | | ਕੀਰਤਨ ਸਮਾਗਮ ਸਮੇਂ | 100-00 |
| ਸ: ਹਜ਼ੂਰਾ ਸਿੰਘ ਗੀਰਨਵਾਲ | | ਸਹਾਇਤਾ ਟਰੈਕਟਾਂ ਲਈ | 20 00 |
| ਜਥੇਦਾਰ ਹਰਚਰਨ ਸਿੰਘ ਨਵੀਂ ਦਿੱਲੀ | | ਸਪੁਤਰ ਪ੍ਰਮਜੀਤ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | 25-00 |
| ਭਾ: ਜੋਧ ਸਿੰਘ ਦਿੱਲੀ | | ਸੁਪਤਨੀ ਦੀ ਯਾਦ ਵਿਚ | 101-00 |
| ਸ: ਹਰਬੰਸ ਸਿੰਘ ਚਾਵਲਾ ਦਿੱਲੀ | | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 101-00 |
| ਸ੍ਰਦਾਰਨੀ ਸ: ਬਹਾਦਰ ਜੀ ਸਿੰਘ ਅੰਮ੍ਰਿਤਸਰ | | ਸਰਦਾਰ ਜੀ ਦੀ ਯਾਦ ਵਿਚ ਭੋਗ ਸਮੇਂ | 33-75 |
| ਭਾ: ਸੁਰਜੀਤ ਸਿੰਘ ਕਾਨਪੁਰ | | ਪਿਤਾ ਜੀ ਦੀ ਯਾਦ ਵਿਚ | 21-00 |

ਸਤਿਗੁਰੂ ਸੱਚੇ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚਰਨਾਂ ਦੀ ਪ੍ਰੀਤ ਬਖਸ਼ਣ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩੦ ੬ ੮੧ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਲਾਨਾ ਚੰਦਾ
੧੦-੦੦

ਇਕ ਪਰਚਾ
੧-੦੦



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੫ ਜੁਲਾਈ ੧੯੮੧ ਅੰਕ ੭


## ਸਿਖ ਜੀਉਂਦਾ ਸਤਿਗੁਰਾਂ ਦੇ ਨਾਂ ਤੇ

[ਵਲੋਂ ਪ੍ਰੋਫੈਸਰ ਪੂਰਨ ਸਿੰਘ ਜੀ]

ਸਾਡਾ ਘਰ ਹੋਣਾ ਹੈ, ਜਿਸ ਦਾ ਸਭ ਥੀਂ ਵੱਡਾ ਤੇ ਸੋਹਣਾ ਕਮਰਾ ਧਰਮਸਾਲ ਹੋਣੀ ਹੈ, ਜਿਥੇ ਸਾਡੇ ਸਤਿਗੁਰ ਦਾ ਦਰਬਾਰ ਹੋਣਾ ਹੈ, ਤੇ ਅਸਾਂ ਮਾਵਾਂ-ਪੁੱਤਾਂ, ਵਹੁਟੀਆਂ-ਖਸਮਾਂ, ਬਾਲਾਂ-ਬੱਚਿਆਂ ਨੇ ਸਤਿਗੁਰ ਦੇ ਟਹਿਲੀਏ ਬਣ, ਨਾਲ ਦੇ ਕਮਰੇ ਹੁਕਮ-ਬੱਧੇ ਗ਼ੁਲਾਮਾਂ ਵਾਂਗ ਮੱਲਣੇ ਹਨ। ਓਹ ਘਰ ਜਿਸ ਦਾ ਡਰਾਇੰਗ ਹਾਲ (ਗੋਲ ਕਮਰਾ) ਧਰਮਸਾਲ ਹੈ, ਉਹੀ ਸਿਖ ਦਾ ਹੈ। ਨਹੀਂ, ਸਿਖ ਦਾ ਨਹੀਂ, ਸਿਖ ਨੂੰ ਸਤਿਗੁਰੂ ਪਹਿਲਾਂ, ਤੇ ਹੋਰ ਸਭ ਕੁਝ ਪਿੱਛੇ। ਕੂੜੀਆਂ ਇੱਜ਼ਤਾਂ ਤੇ ਦੁਨੀਆ ਦੀਆਂ ਧੜੇ-ਬੰਦੀਆਂ ਥੀਂ ਅਸਾਂ ਮੂੰਹ ਮੋੜਨਾ ਜੀ, ਅੰਦਰ ਬਾਹਰ ਸਤਿਗੁਰਾਂ ਦੀ ਧਰਮਸਾਲ ਦੀ ਸੇਵਾ ਕਰਨ ਵਾਸਤੇ ਅਸਾਂ ਜੀਣਾ ਜੀ। ਸਾਡੇ ਘਰਾਂ ਵਿਚ ਰੰਗ ਖੁਸ਼ੀਆਂ ਅਨੰਦ ਅਬਿਚਲੀ ਜੋਤਿ ਵਾਲੇ ਹੋਣੇ ਜੀ।

ਸਤਿਗੁਰ ਮਿਹਰ ਕਰਨ, ਜੇ ਇਹ ਹੋਵੇ ਤਾਂ ਸਾਡਾ ਪੰਥ ਜਗਤ ਭਰ ਦੇ ਦੁਖੜੇ ਦੂਰ ਕਰਨ ਦੇ ਸਮਰੱਥ ਹੋਵੇ। ਸਤਿਗੁਰ ਸਹਾਈ ਹੋਵਣ।

"ਅਬਿਚਲੀ ਜੋਤਿ" ਟ੍ਰੈਕਟ ਵਿਚੋਂ

www.AKJ.Org

# ਚਰਨ ਕਮਲਾਂ ਦੇ ਜਾਪ ਅਤੇ ਨਾਮ ਦੇ ਜਾਪ ਦੀ ਸਦਰਸਤਾ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਚਰਨ ਕਮਲ ਜਪਿ ਸਾਗੁਰ ਤਰਿਆ ਭਵਜਲ ਉਤਰੇ ਪਾਰਾ ॥
ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ ॥੨॥੧॥੧੦॥

ਸੂਹੀ ਮ: ੫ ਛੰਤ, ੭੮੪

ਚਰਨ ਕਮਲ ਹਿਰਦੇ ਮਹਿ ਜਾਪੁ ॥ ਨਾਨਕ ਪੇਖਿ ਜੀਵੈ ਪਰਤਾਪ ॥੪॥੮੮॥੧੫੭॥

ਗਉੜੀ ਮ: ੫, ਪੰਨਾ ੧੯੭

ਮਨ ਮੇਰੇ ਰਾਮ ਨਾਮੁ ਜਪ ਜਪਿ ਜਾਪੁ ॥
ਮਨ ਇਛੇ ਫਲ ਭੁੰਚਿ ਤੂੰ ਸਭੁ ਚੂਕੈ ਸੋਗੁ ਸੰਤਾਪੁ ॥ਰਹਾਉ॥੧੭॥੮੭॥

ਸਿਰੀਰਾਗੁ ਮ: ੫, ਪੰਨਾ ੪੮

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥੧੭॥੮੭॥

ਸਿਰੀਰਾਗੁ ਮ: ੫, ਪੰਨਾ ੪੮

ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥੪॥੪੬॥

ਮਾਝ ਮ: ੫, ਪੰਨਾ ੧੦੭

ਚਰਨ ਕਮਲ ਠਾਕੁਰ ਉਰਿ ਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥

ਗਉੜੀ ਮ: ੫, ਪੰਨਾ ੧੯੦

ਹਰਿ ਸਿਮਰਤ ਸਭ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸ ਪੀਵਹੁ ਪ੍ਰਭੁ ਪਿਆਰੀ ॥੧॥ਰਹਾਉ॥
ਸੁਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥੭੫॥੧੪੪॥

ਗਉੜੀ ਮ: ੫, ਪੰਨਾ ੧੯੪

ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥੫੦॥੧੧੯॥

ਗਉੜੀ ਮ: ੫, ਪੰਨਾ ੧੮੯

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥੩॥
ਸਦਾ ਸਦਾ ਸਿਮਰਹੁ ਪ੍ਰਭ ਸੁਆਮੀ ॥ ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥

ਗਉੜੀ ਮ: ੫, ਪੰਨਾ ੧੯੬

ਸਿਮਰਤ ਸੁਆਮੀ ਕਿਲਵਿਖ ਨਾਸੇ ॥ ਸੂਖ ਸਹਜ ਅਨੰਦ ਨਿਵਾਸੇ ॥੧॥
ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ਰਹਾਉ॥
ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥੩॥੭੪॥੧੪੩॥

ਗਉੜੀ ਮ: ੫, ਪੰਨਾ, ੧੯੪

ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ਰਹਾਉ॥
ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥੧॥੯੪॥੧੬੩॥

ਗਉੜੀ ਮ: ੫, ਪੰਨਾ ੧੯੮



www.AKJ.Org

ਇਸ ਪ੍ਰਕਾਰ ਦੇ ਅਨੇਕਾਂ ਗੁਰਵਾਕ ਹਨ, ਜੋ ਨਾਮ ਸਿਮਰਨ ਅਤੇ ਚਰਨ ਕੰਵਲ ਪਰਸਣ ਦੇ ਭਾਵ ਨੂੰ ਸਮਸਰ ਭੇਵ ਅਭੇਵ ਜਣਾਉਂਦੇ ਹਨ। ਸਿਮਰਨ ਦੀ ਅਥਾਹ ਕਮਾਈ ਦੁਆਰਾ ਜੋਤਿ ਪਰਜੁਅਲਤ ਹੋਇਆ ਨਾਮ ਭਗਤਿ-ਰਹੱਸ ਸੁਆਉ ਸੇਤੀ ਸੁਆਸਿ ਸੁਆਸਿ ਅਰਾਧਿਆ, ਪਾਰਸ-ਚਰਨ-ਕੰਵਲਾਂ ਦੇ ਆਰਾਧਨ ਰੂਪੀ ਪਾਰਸ ਪਰਸਾਉ ਦਾ ਅਰਥ ਰਖਦਾ ਹੈ ਅਤੇ ਇਸ ਬਿਧਿ ਨਾਮ-ਰਸਾਇਣੀ-ਜੋਤਿ-ਕਲਾ ਦੁਆਰਾ ਰਤੰਨ-ਜੋਤੰਨੇ ਚਰਨ-ਕੰਵਲਾਂ ਦਾ ਮਨ ਤਨ ਅੰਦਰ ਵਸਣਾ ਅੰਤਰਗਤੀ ਦਰਸ਼ਨਾਂ ਦੀ ਨਦਰ ਨਾਲ ਨਿਹਾਲ ਕਰ ਦਿੰਦਾ ਹੈ। ਯਥਾ ਗੁਰਵਾਕ :--ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥੬॥ ਗਉੜੀ ਥਿਤੀ, ਪੰਨਾ ੨੯੮

ਭਾਵ, ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਮਨ ਤਨ ਅੰਦਰ ਵੁਠਣਾ, ਚਰਨ ਕੰਵਲਾਂ ਵਾਲੇ ਪ੍ਰੀਤਮ ਦਾ ਨਿਕਟਵਰਤੀ ਦਰਸ਼ਨ ਝਲਕਾਉ ਹੈ। ਪ੍ਰਿਥਮ ਤੋਂ ਪ੍ਰਿਥਮ ਰਿਦੰਤਰਿ ਪ੍ਰਕਾਸ਼ ਹੋਇ ਜੋਤਿ-ਕ੍ਰਿਣ ਦਾ ਪ੍ਰਕਾਸ਼ ਚਰਨ ਕੰਵਲਾਂ ਦਾ ਪਰਤੱਖ ਦਰਸ਼ਨ ਹੈ। ਏਥੇ ਪਾਰਸ ਰੂਪੀ ਨਾਮ ਦਾ ਸਿਮਰਨ ਹੋਰ ਵਧੇਰੇ ਰਸ-ਜੋਤਿ ਕਲਾ ਵਿਚ ਸੁਆਸਿ ਸੁਆਸਿ ਵਿਲੋਵੀਦਾ ਹੈ। ਜਿਉਂ ਜਿਉਂ ਵਿਲੋਵੀਦਾ ਹੈ, ਤਿਉਂ ਤਿਉਂ ਅੰਤਰਿ ਭੇਈ ਜੋਤਿ-ਕਿਰਣ ਦਾ ਜੋਤਿ-ਪਸਾਰਾ ਭੀ ਹੋਰੋ ਹੋਰ ਵਧਦਾ ਜਾਂਦਾ ਹੈ। ਘਟ ਅੰਤਰ ਸਾਰੇ ਸਰੀਰ ਅੰਦਰ ਜੋਤਿ-ਚਾਨਣਾ ਹੀ ਚਾਨਣਾ ਪਸਰ ਜਾਂਦਾ ਹੈ। ਫੇਰ ਇਹ ਜੋਤਿ-ਪਸਾਰਾ ਪਿੰਡ (ਸਰੀਰ) ਤੋਂ ਵੀ ਅਗਾਹਾਂ ਸਫੁਟ ਹੋਇ ਹੋਇ ਬ੍ਰਹਿਮੰਡ ਵਿਖੇ ਪਸਰ ਜਾਂਦਾ ਹੈ। ਘਟਿ-ਨਾਭ ਵਿਚੋਂ ਵਿਸਥਰਤ ਹੋ ਕੇ ਆਕਾਸ਼ੀ ਨਭ-ਪੁਲਾੜ ਵਿਚ ਭੀ ਜਾ ਸਮਾਉਂਦਾ ਹੈ। ਏਥੇ ਏਸ ਜੋਤਿ-ਕਲਾ ਵਿਚ ਖੇਡ ਕੇ ਜਗਿਆਸੂ ਜਨ, ਜੋਤਿ ਅਭਿਆਸੂ ਗੁਰਮੁਖਿ ਪਿਆਰਾ, ਪ੍ਰੀਤਮ ਦੇ ਜੋਤਿ-ਜਗਮਗੀ-ਦਰਸ਼ਨ ਸਾਂਗੋ ਪਾਂਗ ਪੇਖਦਾ ਹੈ, ਪੇਖਿ ਪੇਖਿ ਵਿਗਸਦਾ ਹੈ ਅਤੇ ਨਿਹਾਲੋ ਨਿਹਾਲ ਹੋ ਹੋ ਜਾਂਦਾ ਹੈ ਅਤੇ ਜੋਤਿ-ਜਗੰਨੇ ਸੁਅਰਨੀ ਰੂਪ ਰੰਗ ਦੀ ਵੰਨੀ ਚੜ੍ਹੇ ਚੜ੍ਹਾਉ ਹੋਣ ਕਰਿ, ਲਾਲੋ ਲਾਲ ਜੋਤਿ ਜਮਾਲ ਅਤੇ ਤੇਜ ਜਲਾਲ ਜਲਵਨਾ ਹੋ ਜਾਂਦਾ ਹੈ। ਤਾਂ "ਨਾਮ ਜਪੰਦੜੀ ਲਾਲੀ" ਵਾਲੇ ਜੋਤਿ ਜਲਵਨੇ ਚੇਹਰਿਆਂ ਦੀ ਝਾਲ ਨਹੀਂ ਝੱਲੀ ਜਾਂਦੀ।

ਚਰਨ ਕੰਵਲਾਂ ਦੇ ਜਮਾਲ ਤੇ ਜਲਾਲ ਨੂੰ ਪੇਖਿ ਪੇਖਿ, ਭਗਤ ਜਨ ਜੁਹਾਰ, ਝੁਕ ਝੁਕ ਨਮਸਕਾਰ-ਬੰਧਨਾ ਕਰਦੇ ਹਨ ਤੇ ਬੰਧਨਾ ਕਰਿ ਕਰਿ ਚਰਨ-ਕੰਵਲਾਂ ਦਾ ਸਿਮਰਨ ਕਰੀ ਜਾਂਦੇ ਹਨ। ਭਗਤ ਜਨਾਂ ਦਾ ਇਹ ਚਰਨ-ਕੰਵਲ-ਲਿਵਤਾਰੀ-ਸਿਮਰਨ, ਦਰਸ਼ਨ ਬਹਾਰੀ ਭਗਤੀ ਭਾਉ ਵਿਚ, ਸਚਖੰਡ ਸਾਮ੍ਹਹੇ ਕਰਮ ਖੰਡ (ਨਦਰ ਖੰਡ) ਨਿਰੰਕਾਰਤਾ ਵਿਚ ਭੀ ਬਣਿਆ ਰਹਿੰਦਾ ਹੈ, ਜਿਥੇ ਅਨੇਕਾਂ ਭਗਤ ਜਨ ਨਿਤਾਪ੍ਰਤਿ ਪ੍ਰੀਤਮ ਦੇ ਚਰਨ-ਕੰਵਲਾਂ ਨੂੰ ਬੰਦਨਾ ਕਰਦੇ ਹੀ ਦਿਸਦੇ ਹਨ। ਜਿਹਾ ਕਿ :—

ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥੫॥੧੮॥
ਸੁਖਮਨੀ ਸਾਹਿਬ, ਪੰਨਾ ੨੮੭

ਤਿਥੈ ਭਗਤ ਵਸਹਿ ਕੇ ਲੋਇ ॥ ਕਰਹਿ ਅਨੰਦੁ ਸਚਾ ਮਨਿ ਸੋਇ ॥੩੭॥ ਪੰਨਾ ੮

ਐਥੇ ਇਸ ਲੋਕ ਵਿਚ ਵੀ ਭਗਤ ਜਨ ਆਪਣੀ ਸਿਮਰਨ-ਭਗਤਿ-ਕਮਾਈ ਦੁਆਰਾ ਕਰਮ-ਖੰਡ ਸਾਰਖਾ ਹੀ ਚਰਨ ਕੰਵਲਾਂ ਦੀ ਮਉਜ ਦਾ ਆਨੰਦ ਮਾਣਦੇ ਹਨ। ਯਥਾ :–

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ ਚਰਨ ਕਮਲ ਗੁਰ ਰਿਦੈ ਬਸਾਇਆ ॥੧॥
ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ਰਹਾਉ॥
ਅਨਦਿਨੁ ਜਪਉ ਗੁਰੂ ਗੁਰ ਨਾਮੁ ॥ ਤਾ ਤੇ ਸਿਧਿ ਭਏ ਸਗਲ ਕਾਮ ॥੨॥
ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥
ਕਹੁ ਨਾਨਕ ਕਹਾ ਭੈ ਭਾਈ ॥ ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥੪॥੧੧੨॥
ਗਉੜੀ ਮ: ੫, ਪੰਨਾ ੨੦੨



www.AKJ.Org

ਨਾਮ ਨੂੰ ਸਿਮਰਨਹਾਰਾ ਭਗਤ ਜਨ, ਸਿਮਰ ਸਿਮਰ ਕੇ ਜਿਸ ਆਤਮ-ਸੁਖ ਨੂੰ ਪ੍ਰਾਪਤ ਹੁੰਦਾ ਹੈ, ਉਹ ਵਿਸ਼ੇਸ਼ ਆਤਮ ਸੁਖੁ, ਗੁਰੂ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦ ਭੀਤਰ ਸਮਾਵਨਾ ਹੈ। ਗੁਰਮਤਿ ਵਿਸ਼ੇਸ਼ ਸਿਮਰਨ, ਸੁਰਤ ਦੁਆਰਾ ਰਿਦ ਸਮਾਏ ਜੋਤਿ-ਕਿਰਣੀ-ਚਰਨ ਕੰਵਲਾਂ ਦਾ ਇਨਕਸ਼ਾਫ਼, ਗੁਰ ਪਾਰਬ੍ਰਹਮ ਪੂਰੇ ਨੂੰ ਸਾਖਜਾਤਕਾਰ ਕਰਾਉਣ ਨੂੰ ਸਮਰੱਥ ਹੈ। ਤਾਂ ਤੂੰ ਅਰਾਧਨਹਾਰੇ ਦਾ ਮਨ ਚਰਨ ਕੰਵਲਾਂ ਨੂੰ ਅਰਾਧ ਕੇ ਧੀਰ ਜਾਂਦਾ ਹੈ, (ਧੀਰਜਮਾਨ ਹੋ ਜਾਂਦਾ ਹੈ)। ਉਸ ਨੂੰ ਧੀਰਜ ਆ ਜਾਂਦੀ ਹੈ ਕਿ ਚਰਨ ਕੰਵਲਾਂ ਵਾਲੇ ਪ੍ਰੀਤਮ ਦੇ ਪਰਤੱਖ ਦਰਸ਼ਨ ਦਿਦਾਰੇ ਭੀ ਨਿਕਟ ਹੀ ਹੋਣ ਵਾਲੇ ਹਨ। ਸੋ ਇਸ ਬਿਧ ਦ੍ਰਿੜ੍ਹ ਨਿਸਚਿਤ ਸ਼ਰਧਾਵਾਨ ਹੋ ਕੇ ਉਹ ਗੁਰੂ ਗੁਰੂ ਰੂਪੀ ਜਾਪ ਜਪਣ ਵਿਚ ਹੋਰ ਭੀ ਤਤਪਰ ਹੋ ਜਾਂਦਾ ਹੈ ਅਤੇ ਦਿਨ ਰਾਤ ਏਸ ਗੁਰੂ ਗੁਰੂ ਦੀ ਟੇਰ ਵਾਲੇ ਵਾਹਿਗੁਰੂ ਨਾਮ ਨੂੰ ਜਪੀ ਜਾਂਦਾ ਹੈ। ਜਿਸ ਦੇ ਜਪੀ ਜਾਣ ਕਰਕੇ ਉਸ ਜਪਣਹਾਰੇ ਦੇ ਹੋਰ ਸਾਰੇ ਮਨੋਰਥ ਭੀ ਸੁਤੇ ਸਿਧ ਪੂਰੇ ਹੋ ਜਾਂਦੇ ਹਨ। ਪਰਮ ਮਨੋਰਥ ਤਾਂ ਨਾਮ ਜਪਣ-ਹਾਰੇ ਦਾ ਗੁਰੂ-ਪ੍ਰੀਤਮ ਦੀ ਪ੍ਰਾਪਤੀ ਰੂਪ ਸਿਧੀ ਦਾ ਹੁੰਦਾ ਹੈ। ਪਰ ਇਸ ਪਰਮ ਪ੍ਰਯੋਜਨੀ ਸਿਮਰਨ ਦੇ ਪ੍ਰਤਾਪ ਕਰਕੇ ਨਾਮ ਸਿਮਰਨ-ਹਾਰੇ ਦੇ ਸੁਤੇ ਸਹਿਜ ਸੰਕਲਪਤ ਮਨੋਰਥ ਭੀ ਪੂਰੇ ਹੋ ਜਾਂਦੇ ਹਨ। ਏਹਨਾਂ ਮਨੋਰਥਾਂ ਦੇ ਪੂਰੇ ਹੋਣ ਕਰਿ, ਉਸ ਨੂੰ ਤਤ ਸ਼ਾਂਤੀ ਤਾਂ ਪ੍ਰਾਪਤ ਨਹੀਂ ਹੁੰਦੀ,ਓਹ ਤਾਂ ਦਰਸ਼ਨ-ਪ੍ਰਾਪਤੀ ਪਰ ਹੀ ਪ੍ਰਾਪਤ ਹੋਵੇਗੀ। ਜਦੋਂ ਦਰਸ਼ਨ-ਪ੍ਰਾਪਤ ਦਾ ਸੁਭਾਗ ਸਮਾਂ ਆਉਂਦਾ ਹੈ, ਓਦੋਂ ਬਸ ਓਦੋਂ ਹੀ :—

ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥ (ਪੰਨਾ ੨੦੨)

ਵਾਲਾ ਪਰਤੱਖ ਵਰਤਾਰਾ ਵਰਤ ਜਾਂਦਾ ਹੈ। ਇਹ ਸਿਮਰਨ ਰੂਪ ਚਰਨ ਕੰਵਲਾਂ ਦੇ ਧਿਆਨ ਦੀ ਮਹੱਤਤਾ ਹੈ, ਜੈਸਾ ਕਿ ਅਗਲਾ ਗੁਰਵਾਕ ਭੀ ਪ੍ਰੌੜ੍ਹਤਾ-ਕਰਦਾ ਹੈ :—

ਸਿਮਰਿ ਸਿਮਰਿ ਕਾਟੇ ਸਭਿ ਰੋਗ ॥ ਚਰਣ ਧਿਆਨ ਸਰਬ ਸੁਖ ਭੋਗ ॥੬॥
ਪੂਰਨ ਪੁਰਖੁ ਨਵਤਨ ਨਿਤ ਬਾਲਾ ॥ ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥੭॥
ਕਹੁ ਨਾਨਕ ਹਰਿ ਹਰਿ ਪਦੁ ਚੀਨ ॥ ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥
ਗਉੜੀ ਮ: ੫, ਪੰਨਾ ੨੪੦

ਭਾਵ, ਨਾਮ ਦੀ ਪਾਰਸ-ਤਤ-ਸਿਮਰਨ-ਕਲਾ ਕਰਿ ਅਤੇ ਚਰਨ ਕੰਵਲਾਂ ਦੇ ਧਿਆਨ ਪਰਤਾਪ ਤੋਂ ਸਾਰੇ ਰੋਗ ਕਟੇ ਜਾਂਦੇ ਹਨ ਅਤੇ ਸਰਬ ਸੁਖਾਂ ਸਿਰ ਸੁਖ ਭੀ ਸਾਰੇ ਭੋਗੇ ਜਾਂਦੇ ਹਨ, ਸਾਰੇ ਸੁਖਾਂ ਦਾ ਸ਼ਿਰੋਮਣੀ ਸੁਖ ਤਾਂ ਇਹ ਆਣ ਉਦੇ ਹੁੰਦਾ ਹੈ ਕਿ ਸਦ ਨਵਤਨ ਨਿਤ ਬਾਲੜੇ ਜੋਬਨ ਜੁਆਨ ਸਰੂਪ ਵਾਲਾ ਮਨਮੋਹਨ ਜਾਨੀਅੜਾ ਪ੍ਰੀਤਮ ਵਾਹਿਗੁਰੂ ਸਰਬ ਕਲਾ ਸੰਪੂਰਨੀ ਪੂਰਤਨਾ ਵਿਚ ਪੂਰਨ ਪੁਰਖ ਹੋ ਕੇ ਸਨਮੁਖ ਦਰਸ਼ਨ ਜਲਵਾ-ਅਫ਼ਰੋਜ਼ ਆਣ ਹੁੰਦਾ ਹੈ ਅਤੇ ਪ੍ਰੇਮੀ ਭਗਤ ਜਨ ਦੇ ਅੰਤਰਿ ਬਾਹਰਿ ਰਖਵਾਲਾ ਹੋ ਕੇ ਚੋਜੀ ਕੇਲ ਰਚਾਂਵਦਾ ਹੈ। ਸੋ ਭਗਤ ਜਨਾਂ ਨੂੰ ਇਹ ਸਿਮਰਨ ਰੂਪੀ "ਪਦ" ਪ੍ਰਕਾਸ਼ਤ ਹੋਇਆ ਹੈ। ਏਹੀ ਭਗਤ ਜਨਾਂ ਦਾ ਸਰਬੰਸ, ਧਨ ਮਨ, ਸਭ ਕੁਛ ਏਹੀ ਹੈ, ਜੋ ਧੁਰ ਦਰਗਾਹ ਤੋਂ ਭਗਤ ਜਨਾਂ ਨੂੰ ਮਿਲਿਆ ਹੈ, ਜਿਸ ਦੇ ਸਮਸਰ (ਸਦਰਸ) ਯਾ ਜਿਸ ਤੋਂ ਅਫ਼ਜ਼ਲ (ਵਧ ਕੇ) ਹੋਰ ਕੋਈ ਪਦ ਪਦਵੀ ਭੀ ਨਹੀਂ ਹੋ ਸਕਦੀ। ਨ ਮ ਜਿਮਰਨ ਰੂਪੀ ਚਰਨ ਕੰਵਲ ਅਰਾਧਨ ਦੀ ਅਮਿਤ ਮਹਿਮਾ ਹੈ, ਦੇਖੋ ਅਗਲੀ ਗੁਰਵਾਕ ਰੂਪੀ ਦੁਤੁਕੀ ਕੀ ਦਸਦੀ ਹੈ :—

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥
ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥੧੩੮॥
ਗਉੜੀ ਪੂਰਬੀ ਮ: ੫, ਪੰਨਾ ੨੧੦

ਅਰਥਾਤ ਨਾਮ-ਸਿਮਰਨ ਦੇ ਪ੍ਰਤਾਪ ਕਰਿ, ਚਰਨ ਕੰਵਲਾਂ ਨੂੰ ਮਨ ਵਿਖੇ ਆਰਾਧਣ ਦਾ ਇਹ ਪਾਰਸ-ਸ਼ਕਤ-ਸਿੱਟਾ ਨਿਕਲਦਾ ਹੈ ਕਿ ਨਾਮ ਸਿਮਰਨਹਾਰੇ ਨੂੰ, ਚਰਨ ਕੰਵਲ ਆਰਾਧਨਹਾਰੇ ਨੂੰ ਇਹ ਸਿਮਰਨ-



www.AKJ.Org

ਆਧਾਰਨ-ਕਲਾ, ਗਰਭ-ਕੁੰਡ ਚੁਰਾਸੀ ਦੇ ਗੇੜ ਵਿਚ ਨਹੀਂ ਪੈਣ ਦਿੰਦੀ ਅਤੇ ਨਰਕਾਂ ਵਿਚ ਗੋਤਾ ਨਹੀਂ ਖਾਣ ਦਿੰਦੀ, ਸਗੋਂ ਭਵਜਲੋਂ ਪਾਰ ਉਤਾਰ ਦਿੰਦੀ ਹੈ ਅਤੇ ਜਮ ਦੀ ਸਾਰੀ ਤ੍ਰਾਸ ਨਿਵਾਰ ਦਿੰਦੀ ਹੈ।

## ਨਾਭੀ ਕਮਲ ਦਾ ਸਿੱਧਾ ਹੋ ਕੇ ਖਿੜਨਾ—

ਨਾਮ ਸਿਮਰਨ ਸੰਮਿਲਤ ਚਰਨ-ਕੰਵਲਾਂ ਦੀ ਚਿਤ-ਚਿਤਵਨੀ-ਆਰਾਧਨਾ ਦਾ ਫਲ ਅੰਕੂਰੀ ਜ਼ਹੂਰ ਜੋ ਹੋਰ ਹੁੰਦਾ ਹੈ, ਉਹ ਅਤੀ ਅਸਚਰਜ ਹੈ। ਯਥਾ ਗੁਰਵਾਕ :—

ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥
ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ ॥੧॥੨੨॥ ਮ: ੫, ਪੰਨਾ ੨੫੪

'ਸੰਤ ਮਤਾਂਤ' ਦਾ ਭਾਵ ਏਥੇ ਗੁਰਮੰਤਰ ਹੈ। ਗੁਰਮੰਤਰ ਦੇ ਪਾਰਜਾਤ-ਫਲ, ਗੁਰਮੰਤਰ (ਨਾਮ) ਸਿਮਰਨਹਾਰੇ ਨੂੰ ਇਹ ਲਗਦੇ ਹਨ ਕਿ ਉਹ ਨਾਮ ਸਿਮਰਨ ਦੇ ਪ੍ਰਤਾਪ ਕਰਕੇ "ਚਿਤਿ ਚਿਤਵਉ ਚਰਣਾਰਬਿੰਦ" ਮਈ ਰਿਦ ਪ੍ਰਤੀਤਨੀ ਪਉੜੀ ਦੇ ਪਹਿਲੇ ਟੰਬੇ ਤੇ ਚੜ੍ਹਦਾ ਹੈ। ਇਸ ਪਹਿਲੇ ਟੰਬੇ ਤੇ ਹੀ ਨਾਮ ਅਭਿਆਸੀ ਨੂੰ ਨਾਮ ਦਾ ਸਿਮਰਨ ਅਭਿਆਸ ਚਰਨ ਕੰਵਲਾਂ ਦਾ ਚਿਤ ਚਿਤਵਨ ਰੂਪ ਹੋ ਕੇ ਪ੍ਰਤੀਤ ਹੁੰਦਾ ਹੈ। ਚਰਣਾਰਬਿੰਦ ਦਾ ਚਿਤਿ ਚਿਤਵਨ ਅਤੇ ਗੁਰਮੰਤਰ ਨਾਮ ਦਾ ਸਿਮਰਨ ਅਭਿਆਸ ਇਕੋ ਭਾਵ ਰੂਪ ਰਖਦਾ ਹੈ। ਨਾਮ-ਸਿਮਰਨ-ਅਭਿਆਸ ਅਰਥਾਤ ਚਰਣਾਰਬਿੰਦ (ਚਰਨ ਕੰਵਲਾਂ) ਦੇ ਚਿਤਿ-ਚਿਤਵਨੀ-ਪਾਰਸ-ਪ੍ਰਭਾਵ ਕਰਿ "ਊਧ ਕੰਵਲ ਬਿਗਸਾਂਤ" ਦਾ ਅਸਚਰਜ ਕਉਤਕ ਵਰਤ ਜਾਂਦਾ ਹੈ, ਭਾਵ ਸੁਆਸ ਸੁਆਸ ਸਿਮਰਨ ਦੇ ਰਸਨ-ਰਟਨਾਂਤੀ-ਪਉਣ-ਫੁੱਰਾਟੇ ਨਾਭ ਦੇ ਮੂਧੇ ਪਏ ਹੋਏ ਕਉਲ ਨੂੰ ਸਿੱਧਾ ਕਰ ਕੇ, ਉਸ ਦੇ ਮੀਚੇ ਹੋਏ ਮੂੰਹ ਨੂੰ ਖੋਲ੍ਹ ਦਿੰਦੇ ਹਨ ਅਤੇ ਖੋਲ੍ਹ ਕੇ ਉਸ ਵਿਚ ਰਸ-ਜੋਤਿ ਦੀ ਚੰਗਾੜੀ ਪਰਜੁਅਲਤ ਕਰ ਦਿੰਦੇ ਹਨ। ਇਸ ਬਿਧਿ ਉਕਤ "ਊਧ ਕੰਵਲ" ਵਿਗਸ ਉਠਦਾ ਹੈ, ਨਾਮ-ਰਸ-ਜੋਤਿ-ਚਾਨਣੇ ਨਾਲ ਜਗਮਗ ਹੋ ਉਠਦਾ ਹੈ ਤੇ "ਊਧ ਕੰਵਲ ਬਿਗਸਾਂਤ" ਦਾ ਇਉਂ ਨਜ਼ਾਰਾ ਬੱਝਦਾ ਹੈ :—

ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥੫॥ ਪੰਨਾ ੧੪੦੨

ਸੁਆਸ ਅਭਿਆਸੀ, ਰਸ ਸੁੱਰਾਟੀ, ਪਵਨ ਫੁੱਰਾਟੀ, ਨਾਮ ਸਿਮਰਨ ਰੂਪ ਧਉਖਣੀ ਨਾ ਸਿਰਫ ਉਰਧ ਕੰਵਲ ਨੂੰ ਸਿੱਧਾ ਕਰਨ ਹਿਤ ਅਤੇ ਉਸ ਦਾ ਮਿਟਿਆ ਮੂੰਹ ਖੋਲ੍ਹਣ ਹਿਤ ਪਵਨ-ਪਰਵੇਸ਼ਨੀ-ਸ਼ਕਤ ਹੀ ਰਖਦੀ ਹੈ, ਬਲਕਿ ਉਸ ਖਿੜ ਕੇ ਸਿੱਧੇ ਹੋਏ ਨਾਭ ਕੰਵਲ ਅੰਦਰਿ ਰਸ-ਜੋਤਿ ਬਿਗਾਸਨੀ ਬਿਜਲੀ ਭੀ ਪੈਦਾ ਕਰਦੀ ਹੈ। ਸੰਸਾਰ ਦੇ ਸੁਨਿਆਰਾਂ ਲੁਹਾਰਾਂ ਦੀਆਂ ਧਉਖਣੀਆਂ ਤਾਂ ਸਿਰਫ਼ ਪਉਣ ਦਾ ਪੱਖਾ ਹੀ ਚਲਾਉਣ ਜੋਗੀਆਂ ਹਨ, ਆਪੋਂ ਅਗਨੀ ਨਹੀਂ ਉਤਪੰਨ ਕਰ ਸਕਦੀਆਂ। ਅਗਨੀ ਪਰਚੰਡ ਕਰਨ ਲਈ ਰੰਚਕ ਚੰਗਾੜੀ ਦੀ ਲੋੜ ਅਵੱਸ਼ ਪੈਂਦੀ ਹੈ। ਇਹ ਅਗਨ-ਚੰਗਾੜੀ ਈਂਧਨ ਦੇ ਅੰਬਾਰ ਅੰਦਰ ਰਖੀ ਹੋਈ ਇਸ ਪਵਨ ਧਉਖਣੀ-ਪਖੇ ਨਾਲ ਭਖ ਕੇ ਸਾਰੀ ਸਮੱਗਰੀ ਵਿਖੇ ਅਗਨ ਪਰਚੰਡ ਕਰਦੀ ਹੈ, ਪਰ ਸਿਮਰਨ ਅਭਿਆਸ ਰੂਪੀ ਧਉਖਣੀ ਅੰਦਰਿ ਪਾਰਸ-ਨਾਮ ਰੂਪੀ ਜੋਤਿ-ਚਿੰਗਾੜੀ ਗੁਪਤ ਅੰਸ਼ ਵਿਚ ਪਹਿਲਾਂ ਹੀ ਮਉਜੂਦ ਹੁੰਦੀ ਹੈ। ਇਸ ਗੁਪਤ ਜੋਤਿ-ਚਿੰਗਾੜੀ ਨਾਮ-ਪਾਰਸ-ਵਟੀ ਨਾਲ ਸਪੱਰਸ਼ ਹੋਈ ਸੁਆਸ ਅਭਿਆਸੀ ਸਿਮਰਨ-ਕਲਾ ਦੀ ਧਉਖਣੀ ਨਾ-ਸਿਰਫ਼ ਉਰਧ ਕੰਵਲ ਨੂੰ ਸ਼ਗੁਫ਼ਤ ਕਰਾਉਂਦੀ ਹੈ, ਬਲਕਿ ਨਾਭ-ਕੰਵਲ ਕੋਠੜੀ ਅੰਦਰਿ ਜੋਤਿ-ਪ੍ਰਚੰਡੀ-ਉਜਿਆਰਾ ਕਰ ਦੇਣ ਨੂੰ ਭੀ ਸਮਰੱਥ ਹੈ। "ਊਧ ਕੰਵਲ ਬਿਗਸਾਂਤ" ਦੇ ਮੁਅਜਜ਼ੇ ਵਰਤਣ ਪਸਚਾਤ ਚਰਨ ਕੰਵਲ ਮੌਜਾਰੀ-ਨਾਮ-ਸਿਮਰਨ-ਅਭਿਆਸੀ ਜਨ ਨੂੰ "ਪ੍ਰਗਟ ਭਏ ਆਪਹਿ ਗੋਬਿੰਦ" ਵਾਲਾ ਸਾਕਸ਼ਾਤਕਾਰੀ ਚਮਤਕਾਰ ਹੋ ਜਾਂਦਾ ਹੈ। ਪਿਰੀ ਪ੍ਰੀਤਮ ਗੋਬਿੰਦ ਜੋਤੀ ਸਰੂਪ ਦਾ ਭੀ ਸਮੂਚਾ ਦਰਸ਼ਨ ਹੋ ਜਾਂਦਾ ਹੈ। ਮੇਰੇ ਗੋਬਿੰਦ ਰੂਪ ਕਲਾਧਾਰੀ ਵਾਹਿਗੁਰੂ ਪ੍ਰੀਤਮ ਜੀ ਆਪੇ ਹੀ ਪਰਗਟ ਆਣ ਹੁੰਦੇ ਹਨ। ਇਹ ਗੁਰੂ ਨਾਨਕ ਸਾਹਿਬ ਦੇ ਘਰ ਦੇ ਮੰਤਰ, ਅਰਥਾਤ ਗੁਰਮਤਿ ਨਾਮ ਗੁਰਮੰਤਰ ਦੀ ਪਾਰਸ-ਰਸਾਇਣੀ-ਸਿਮਰਨ-ਸ਼ਕਤੀ ਦਾ ਪਰਤੱਖ ਜ਼ਹੂਰ ਹੈ।

[ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ

www.AKJ.Org

# ਸੰਗੀਤ-ਰਸ ਅਤੇ ਕੀਰਤਨ-ਰਸ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ-ਰਸ ਅਰਥਾਤ ਗਾਇਨ ਰਸ ਭਾਵੇਂ ਕਿੰਨਾ ਹੀ ਉੱਚਾ ਹੋਵੇ, ਫੇਰ ਭੀ ਇਹ ਇਕ ਸਰੀਰਕ ਰਸ ਹੀ ਹੈ। ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉੱਚਾ ਰਸ ਹੈ, ਪਰ ਹੈ ਤਾਂ ਸਰੀਰਕ ਵਿਸ਼ੈਣੀ ਰਸ ਹੀ ਨਾ। ਆਮ ਬਾਜੇ ਗਾਜੇ ਗਨਕਾ ਗਤੰਤਰੀ ਰਸਾਂ ਵਾਲਾ ਸੰਗੀਤ-ਰਸ ਸਰੀਰਕ ਵਿਸ਼ਿਆਂ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾਂ ਤੋਂ ਵੈਰਾਗਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ, ਜੈਸੇ ਕਿ ਥੀਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ। ਸਥੂਲ ਰਸਾਂ ਤੋਂ ਉਚਿਆਂ ਸੱਚੇ ਵਿਸਮਾਦ ਰਸਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ-ਰਸ ਹੈ, ਸੰਗੀਤ-ਰਸ ਨਹੀਂ।

ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰੱਥ ਹੈ। ਸੋ ਹਰਿ ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਨਾ ਨਹੀਂ ਦਿਤੀ ਜਾ ਸਕਦੀ।

ਸੁੰਦਰਤਾ ਦੇ ਅਚਾਨਕ ਝਲਕਾ ਵਜਣ ਤੋਂ, ਅਥਵਾ ਕਿਸੇ ਤਰ੍ਹਾਂ ਸਰੀਰਕ ਰਸਾਂ ਦੇ ਉਰਧ-ਗਾਮੀ ਹੋ ਜਾਣ ਤੋਂ ਯਾ ਸੰਗੀਤ ਆਦਿ ਪ੍ਰਭਾਵ ਤੋਂ ਗੁਰਮਤਿ ਵਿਸਮਾਦ ਰਸ ਨਹੀਂ ਉਪਜਦਾ। ਆਮ ਰਾਗਾਂ ਦਾ ਰਸ ਭਲਾ ਨਹੀਂ।

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥

ਐਸਾ– ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥

ਸਲੋਕ ਮ: ੪, ਪੰਨਾ ੧੪੨੩

ਸੋ ਐਸਾ ਰਾਗ ਯਾ ਸੰਗੀਤ ਕੇਵਲ ਹਰਿ-ਕੀਰਤਨ ਹੀ ਹੈ। ਸ਼ਬਦ ਅਥਵਾ ਸ਼ਬਦ-ਕੀਰਤਨ ਵਾਲੇ ਰਾਗ, ਅਰਥਾਤ ਸ਼ਬਦ ਦੁਆਰਾ ਕੀਤੇ ਰਾਗ ਨਾਦ ਹੀ ਸੋਹਣੇ ਹਨ–

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥

ਨਹੀਂ ਤਾਂ– ਰਾਗ ਨਾਦ ਛੋਡਿ ਹਰਿ ਸੇਵੀਐ ਦਰਗਹ ਪਾਈਐ ਮਾਨੁ॥-॥ (੧)

ਮ: ੩, ਵਾਰ ਬਿਲਾਵਲ, ਪੰਨਾ ੮੪੯

ਪੁਨਾ– ਨ ਭੀਜੈ ਰਾਗੀ ਨਾਦੀ ਬੇਦਿ॥੨॥ (੧) –ਮ: ੧, ਪੰਨਾ ੧੨੪੭

ਸੋ ਪੰਚਮ ਪਾਤਸ਼ਾਹ ਜੀ ਨੇ ਗੁਰਬਾਣੀ ਦਾ ਉਚਾਰਨ ਇਲਾਹੀ ਕੀਰਤਨ ਨਾਦ ਦੀ ਧੁਰੋਂ ਬਣੀ-ਬਣਾਈ ਵਿਉਂਤ ਵਿਚ ਕੀਤਾ ਤੇ ਏਸ ਦਾ ਉਚਾਰਨ ਓਦੋਂ ਹੋਇਆ ਜਦ ਕਿ ਬਾਣੀ ਹੁਕਮ ਏਜ਼ਦੀ (ਅਕਾਲੀ) ਅੰਦਰ ਧੁਰੋਂ ਆਈ।

"ਗੁਰਮਤਿ ਲੇਖ", ਪੰਨਾ ੧੨੩-੨੪

(੨)

ਸਚਾ ਅਲਖ ਅਭੇਉ ਹਠਿ ਨ ਪਤੀਜਈ॥
ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ॥......

ਵਾਰ ਮ: ੧, ਪੰਨਾ ੧੨੮੫

ਅਲੱਖ ਅਭੇਉ ਸੱਚਾ ਸਾਹਿਬ ਵਾਹਿਗੁਰੂ ਨਿਰੰਕਾਰ ਭਲਾ ਨਿਰੇ ਹਠ-ਕਰਮਾਂ ਨਾਲ ਕਿਵੇਂ ਪਤੀਜਦਾ, ਕਿਵੇਂ ਰਾਜ਼ੀ ਹੋ ਸਕਦਾ ਹੈ। ਪਤੀਜਦਾ ਹੈ ਤਾਂ ਪ੍ਰੇਮ ਨਾਲ ਕੀਤੇ ਸਿਫਤ ਸਾਲਾਹੀ ਸਚੇ ਕਰਮ ਨਾਮ ਅਭਿਆਸ ਕਮਾਈ ਦੁਆਰਾ ਹੀ ਪਤੀਜਦਾ ਹੈ। ਪ੍ਰੇਮ ਨਾਲ ਗਾਈ ਕੀਰਤਨਾਈ ਬਾਣੀ ਦੁਆਰਾ ਜੋ ਗੁਰਮੁਖ ਗਾਂਵਦੇ ਹਨ,



www.AKJ.Org

ਉਹ ਸੱਚਾ ਸਭ ਤੋਂ ਵਧ ਅਤੇ ਛੇਤੀ ਤੋਂ ਛੇਤੀ ਪਤੀਜਦਾ ਰੀਝਦਾ ਹੈ, ਕੱਚੀ ਬਾਣੀਆਂ ਰਾਗਣੀਆਂ ਭਾਵੇਂ ਅਨਿਕ ਤਰੰਗੀ ਰਾਗਾਂ ਨਾਲ ਇੰਦਰ-ਅਖਾੜੇ ਦੀਆਂ ਪਰੀਆਂ ਭੀ ਜ਼ੋਰ ਲਾ ਲਾ ਕੇ ਗਾਵਣ, ਇਹਨਾਂ ਰਾਗਾਂ ਨਾਲ ਵਾਹਿਗੁਰੂ ਕਦੇ ਨਹੀਂ ਪਤੀਜਦਾ, ਕਿਉਂਕਿ ਇਹ ਰਾਗ ਮਨ-ਉਕਤ ਕਚ-ਮਿਲੇ ਗੀਤਾਂ ਵਾਲੇ ਹੁੰਦੇ ਹਨ। ਇਹਨਾਂ ਵਿਚ ਪ੍ਰੇਮ ਦੀ ਅੰਸ ਨਹੀਂ ਹੁੰਦੀ, ਨਾ ਹੀ ਰੱਬ ਨਾਲ ਜੋੜਨ ਵਾਲੀ ਰੱਬੀ ਖਿਚ ਮਨ-ਹੱਠੀ ਰਾਗਾਂ ਵਿਚ ਹੁੰਦੀ ਹੈ। ਇਹ ਰਾਗ ਤਾਂ ਮਨ ਦੀ ਚੰਚਲਤਾ ਨੂੰ ਹੀ ਵਧਾਉਂਦੇ ਹਨ। ਚੰਚਲਤਾ ਕਰਿ ਉਚਾਰੇ ਹੋਏ ਹੱਠ-ਗੀਤਾਰੇ ਰਾਗ ਹੀ ਹੁੰਦੇ ਹਨ। ਇਹਨਾਂ ਰਾਗਾਂ ਦੇ ਗਾਉਣ ਸੁਨਣ ਕਰਿ ਸਗੋਂ ਬਿਰਤੀਆਂ ਗਾਉਣ ਸੁਨਣ-ਹਾਰਿਆਂ ਦੀਆਂ ਹੋਰ ਉਚਾਟ ਅਤੇ ਚੰਚਲ ਹੁੰਦੀਆਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਦੇ ਪ੍ਰੇਮ ਤੋਂ ਬੇਮੁਖ ਕਰਾਉਂਦੀਆਂ ਹਨ।

ਅੱਜ ਕਲ੍ਹ ਦੇ ਰਾਗ-ਰੀਤੀ ਅਖਾੜਿਆਂ ਵਿਚ ਇਹੀ ਕਚ-ਰਾਗ ਦਾ ਧੰਦ ਪਿਟਿਆ ਜਾਂਦਾ ਹੈ। ਸਾਰੀ ਦੁਨੀਆ ਏਹਨਾਂ ਰਾਗਾਂ ਨੇ ਪਟ ਕੇ ਵਗਾਹ ਦਿਤੀ ਹੈ, ਕੁਸੰਗ ਦੇ ਨਰਕ ਘੋਰ ਵਿਚ ਪਾ ਛੱਡੀ ਹੈ। ਪਰਵਾਰਾਂ ਦੇ ਪਰਵਾਰ ਇਸ ਰਾਗ ਦੇ ਚਸਕੇ ਵਿਚ ਰੁੜ੍ਹੇ ਹੋਏ ਰਸਾਤਲ ਨੂੰ ਚਲੇ ਜਾ ਰਹੇ ਹਨ। ਪਰ ਨਹੀਂ ਬਾਜ਼ ਆਉਂਦੇ। ਏਨ੍ਹਾਂ ਨੂੰ ਦੇਖਿ ਦੇਖਿ ਬੀਮਾਰੀ ਹੋਰ ਭੀ ਦਿਨੋ ਦਿਨ ਵਧਦੀ ਤੁਰੀ ਜਾ ਰਹੀ ਹੈ। ਕੋਈ ਠੱਲ੍ਹ ਨਹੀਂ, ਕੋਈ ਬਚਾਉ ਨਹੀਂ। ਰੁੜ੍ਹਾਉ ਹੀ ਰੁੜ੍ਹਾਉ ਹੈ। ਚਟਪਟੇ ਰਾਗਾਂ ਦੇ ਕੁਚਸਕੇ ਨੇ, ਜੋ ਅੱਜ ਕਲ੍ਹ ਦੇ ਸਿਨਮਿਆਂ ਅਤੇ ਥੀਏਟਰਾਂ ਵਿਚ ਗਾਏ ਸੁਣੇ ਜਾਂਦੇ ਹਨ, ਦੁਨੀਆ ਦੀ ਹਰ ਇਕ ਕੌਮ ਦੀ ਯੁਵਕ ਪਨੀਰੀ ਨੂੰ ਖੁਆਰ ਅਤੇ ਪਾਗਲ ਕਰ ਛਡਿਆ ਹੈ, ਨੌਜਵਾਨਾਂ ਦੇ ਆਚਾਰ ਗੰਦੇ ਕੀਤੇ ਹਨ। ਇਹਨਾਂ ਸਿਨਮਿਆਂ ਥੀਏਟਰੀਕਲ ਰਾਗਾਂ ਨੇ ਗਰੀਬ ਤੋਂ ਗਰੀਬ, ਮਾਇਆ ਕਰਕੇ ਕੰਗਾਲ ਤਬਕੇ ਦੇ ਬੁੱਢੇ ਬਾਲ ਅਤੇ ਜਵਾਨ ਇਸਤ੍ਰੀ ਮਰਦ ਪਰਵਾਰ ਉਜਾੜ ਕੇ ਫ਼ਨਾਹ ਕਰ ਦਿਤੇ ਹਨ।

ਫ਼ੀ-ਜ਼ਮਾਨੇ ਵਿਚ ਜੋ ਆਚਾਰ-ਹੀਨਤਾ ਤੇ ਨਿਰਧਨਤਾ ਅਤੇ ਹੋਰ ਹਰ ਪ੍ਰਕਾਰ ਦੀ ਕੁਚਿਲ ਕੁਚੀਲਤਾ ਸਾਰੀ ਦੁਨੀਆ ਵਿਚ ਵਰਤ ਰਹੀ ਹੈ, ਸੋ ਇਸ ਨਵੇਂ ਫ਼ੈਸ਼ਨੀ ਰਾਗ ਦੀ ਪਟਮੇਲੀ ਕਰਕੇ ਹੀ ਵਰਤ ਰਹੀ ਹੈ। ਜਿਥੋਂ ਉਭਰਨਾ ਰੁੜ੍ਹੀ ਜਾਂਦੀ ਜਨਤਾ ਲਈ ਅਤੀਅੰਤ ਹੀ ਕਠਨ ਹੋ ਗਿਆ ਹੈ। ਇਸ ਰਾਗ ਦੀ ਪਟਮੇਲੀ ਨੇ ਇਨਸਾਨ ਮਾਤਰ ਨੂੰ ਹੈਵਾਨ ਬਣਾ ਛਡਿਆ ਹੈ ਅਤੇ ਸਦ-ਸਦੀਵੀ ਪਸ਼ੇਮਾਨਤਾ ਦੀ ਗਹਿਰ ਵਿਚ ਪਾ ਛਡਿਆ ਹੈ। ਸਭਸ ਦਾ, ਬੰਦੇ ਬਸ਼ਰ ਮਾਤਰ ਦਾ ਸੁਆਰਥ-ਪਰਮਾਰਥ ਖਾਨ-ਪਾਨ ਧਨ-ਧਾਮ ਸਭ ਕੁਛ ਵਿਗਾੜ ਛਡਿਆ ਹੈ। ਗੰਦੇ ਮੰਦੇ ਇਸ਼ਕੀਆ ਰਾਗਾਂ ਦੀਆਂ ਟੇਢੀਆਂ ਗੀਤਾਂ ਨੇ ਇਨਸਾਨੀ ਦਿਲੋ-ਦਿਮਾਗ ਨੂੰ ਗੰਦਾ ਪਰਾਗੰਦਾ ਕਰ ਦਿਤਾ ਹੋਇਆ ਹੈ। ਇਹਨਾਂ ਰਾਗਾਂ ਨਾਲ ਛਿਨ-ਭੰਗਰੀ ਕੁਚਸਕਤਾ ਭਰੀ ਖੀਨ-ਖਰਾਬੜੀ ਖੁਮਾਰੀ ਕੁਪੁਠੜੇ ਦਿਮਾਗਾਂ ਤੇ ਦਿਲਾਂ ਨੂੰ ਚੜ੍ਹ ਜਾਂਦੀ ਹੈ, ਪਰ ਛਿਨ ਮਾਤਰ ਵਿਚ ਉਤਰ ਜਾਂਦੀ ਹੈ, ਅਸਲ ਅਹਿਲਾਦ, ਸਦੀਵੀ ਖੁਸ਼ੀ ਵਾਲਾ ਅਹਿਲਾਦ ਇਹਨਾਂ ਕਚ-ਪਿਚੇ ਰਾਗਾਂ ਦੁਆਰਾ ਕਦਾਚਿਤ ਹਾਸਿਲ ਨਹੀਂ ਹੋ ਸਕਦਾ। ਪਰਮਾਰਥ ਵਲ ਰੁਚੀ ਹੀ ਨਹੀਂ ਦਉੜ ਸਕਦੀ। ਇਹ ਰਾਗ ਪਰਮਾਤਮਾ-ਪ੍ਰਾਪਤੀ ਦੇ ਪਰਮਾਰਥੀ ਪਾਸੇ ਵਲੋਂ ਸਗੋਂ ਬੇਮੁਖਤਾਈ ਕਰਾਉਣ ਦਾ ਕਾਰਨ ਬਣਦੇ ਹਨ। ਪ੍ਰਮਾਤਮਾ ਕਦੇ ਭਿਜਦਾ-ਪਤਸਿਜਦਾ ਹੈ ਇਹਨਾਂ ਰਾਗਾਂ ਰਾਗਨੀਆਂ ਦੁਆਰਾ ? ਕਦੇ ਨਹੀਂ ਪਤੀਜਦਾ।

ਗੁਰਬਾਣੀ ਗਾਉਣ ਦੇ ਪਰਮਾਰਥੀ ਵੇਗ ਵਿਚ ਹੀ ਅਸਾਡੇ ਚੁਟਕੀਲੇ ਫੁਟਕੀਲੇ ਰਾਗੀਆਂ ਨੇ ਸਿਨਮਿਆਂ ਥੀਏਟਰਾਂ ਦੀਆਂ ਤਰਜ਼ਾਂ ਲਿਆਇ ਘਸੋੜੀਆਂ ਹਨ, ਜੋ ਗਾਵਨ ਸੁਨਣਹਾਰਿਆਂ ਦੀਆਂ ਮਾਨਸਕ ਤ੍ਰਿਸ਼ਨਾਵਾਂ ਹੀ ਵਧਾਉਂਦੀਆਂ ਹਨ। ਸਾਰੇ ਚਟਪਟੀਲੇ ਰਾਗੀ ਚਟਪਟੀਲੇ ਰਾਗਾਂ ਦੀਆਂ ਤਰਜ਼ਾਂ ਦੇ ਕੁੱਠੇ ਹੋਏ ਤੇ ਉਨ੍ਹਾਂ ਦੇ ਸਰੋਤੇ ਨਿਰੀਆਂ ਰਾਗਾਂ ਦੀਆਂ ਚਟਪਟੀਲੀਆਂ ਦੇ ਹੀ ਮੁੱਠੇ ਹੋਏ ਹਨ। ਗੁਰਸ਼ਬਦ ਦੇ ਭਾਵ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ; ਕਿਸੇ ਦੀ ਸੁਰਤੀ ਹੀ ਨਹੀਂ ਜੁੜਦੀ। **ਪਰਮਾਤਮਾ ਨਾਲ ਲਿਵ ਜੁੜਨ ਜੋੜਨ ਦਾ ਸਭ**



www.AKJ.Org

ਤੋਂ ਵਧੀਕ ਵਸੀਲਾ ਗੁਰਮਤਿ ਅਨੁਸਾਰ ਗੁਰੂ ਘਰ ਅੰਦਰ ਇਕ ਕੀਰਤਨ-ਰਸ-ਤਰੰਗ ਹੀ ਸੀ, ਸੋ ਉਸ ਦਾ ਅਭਾਵ ਹੋ ਰਿਹਾ ਹੈ। ਸੋ ਇਹਨਾਂ ਕੁਰਾਗਾਂ ਕੁਰੰਗਾਂ ਦੇ ਕੁਚਸਕੇ ਦੁਆਰਾ ਹੋ ਰਿਹਾ ਹੈ।

ਨਾਨਾ ਪ੍ਰਕਾਰ ਦੇ ਸੁਆਂਗ ਬਣਾ ਕੇ ਜੋ ਅੱਜ ਕਲ੍ਹ ਦੇ ਸਿਨਮਿਆਂ ਥੀਏਟਰਾਂ ਵਿਚ ਨਾਚ ਰੰਗ ਹੁੰਦੇ ਹਨ ਅਤੇ ਤਾਲ ਪੂਰੇ ਜਾਂਦੇ ਹਨ, ਇਹ ਸਭ ਨੌਜਵਾਨਾਂ ਨੂੰ ਕੀ, ਹਰ ਪ੍ਰਾਣੀ ਮਾਤਰ ਨੂੰ ਰਸਾਤਲ ਵਿਚ ਡੁਬੋਣ ਦਾ ਸਉਦਾ ਹੈ। ਪਰਮਾਰਥ ਵਲ ਤਾਂ ਕਿਸੇ ਨੇ ਕੀ ਮੁੜਨਾ ਸੀ, ਬਸ ਰੁੜ੍ਹਨ ਹੀ ਰੁੜ੍ਹਨ ਹੈ।

ਗੁਰਮਤਿ ਇਸ਼ਕ ਹਕੀਕੜੇ ਉਚ ਪਰਮਾਰਥੀ ਗੁਰਬਾਣੀ-ਕੀਰਤਨ ਦੇ ਰਸੀਅੜੇ ਗੁਰਮੁਖ ਜਨਾਂ ਨੂੰ ਇਹ ਕਚ-ਪਿਚੇ ਰਾਗ ਹਰਗਿਜ਼ ਨਹੀਂ ਭਾਉਂਦੇ। ਤਾਂ ਗੁਰੂ ਕਰਤਾਰ ਨੂੰ ਕਦੋਂ ਭਾ ਸਕਦੇ ਹਨ। ਉਹ ਪੁਰਖ ਅਗੰਮੜਾ ਕਦੋਂ ਪਤੀਜ ਸਕਦਾ ਹੈ ਇਹਨਾਂ ਰਾਗ ਰੰਗ ਅਖਾੜੇ ਵਾਲੀਆਂ ਰੀਝਾਂ ਤੇ।

ਬੜੇ ਹਨੇਰ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਕਚ-ਪਿਚੇ ਰਾਗਾਂ ਦੇ ਕਚ ਦੇ ਢੇਰ ਵਿਚ ਕੰਚਨ ਨੂੰ ਰੁਲਾ-ਇਆ ਜਾ ਰਿਹਾ ਹੈ। ਕੱਚੋਂ ਕੰਚਨ ਕਰਨਹਾਰੀ ਪਾਰਸ ਰੂਪੀ ਗੁਰਬਾਣੀ ਦੇ ਕੀਰਤਨ ਨੂੰ ਆਨਮਤੀਆਂ ਦੀ ਰੀਸੋ ਕੁਰੀਸੇ ਗੰਦੇ ਰਾਗਾਂ ਦੇ ਨਾਲ ਹੀ ਰੇਡੀਓ ਉਤੇ ਬ੍ਰਾਡਕਾਸਟ ਕਰ ਕੇ ਗਾਇਆ ਜਾ ਰਿਹਾ ਹੈ। ਜਿਸ ਰੇਡੀਓ ਉਤੇ ਗੰਦੇ ਰਾਗ ਬ੍ਰਾਡਕਾਸਟ ਕੀਤੇ ਜਾਂਦੇ ਹਨ ਉਸੇ ਰੇਡੀਓ-ਸੈਟ ਉਤੇ ਲੋਭ-ਲਾਲਚੀ ਸਿਖ ਰਾਗੀ ਗੁਰ-ਸ਼ਬਦ ਦੇ ਕੀਰਤਨ ਨੂੰ ਬ੍ਰਾਡਕਾਸਟ ਕਰ ਕੇ ਵੇਚ ਰਹੇ ਹਨ। ਬੜੀ ਹੀ ਸ਼ਰਮ ਵਾਲੀ ਗੱਲ ਹੈ। ਕੀ ਇਹ ਗੁਰਬਾਣੀ ਦਾ ਪਰਚਾਰ ਹੈ ਕਿ ਪਰਹਾਰ ? ਏਸ ਨੂੰ ਇਕ-ਦਮ ਰੋਕਿਆ ਜਾਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਜੋਤਿ-ਅਵਤਾਰਾਂ ਸਮੇਂ ਕੇਵਲ ਆਨਮਤੀਆਂ ਅੰਦਰ ਹੀ ਇਹ ਕੁਚਸਕੇ ਭਰੀ ਰੀਤੀ ਸੀ। ਗੁਰਸਿਖਾਂ ਨੂੰ ਏਸ ਕੁਚਸਕੇ ਤੋਂ ਖਿਵਰਜਤ ਕਰਨ ਲਈ ਹੀ ਸੱਚੇ ਪਾਤਸ਼ਾਹ ਨੇ ਪਾਖੰਡ ਰਾਗ ਦੇ ਗਾਵਣ ਦੀ ਨਿਖੇਧੀ ਕੀਤੀ ਹੈ ਅਤੇ ਦਸਿਆ ਹੈ, 'ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥ ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥'' ਇਸ ਗੁਰ-ਵਾਕ ਦੁਪੰਗਤੀ ਦੁਆਰਾ ਨਾ ਸਿਰਫ ਕਚ ਪਿਚੇ ਰਾਗਾਂ ਦੀ ਹੀ ਨਿਖੇਧੀ ਕੀਤੀ ਗਈ ਹੈ, ਬਲਕਿ ਤਾਲ-ਪੂਰਨੇ ਨਾਦਾਂ ਨੂੰ ਭੀ ਨਿਖੇਧਿਆ ਗਿਆ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ, ਇਸ ਤਰ੍ਹਾਂ ਨਚਣ ਟਪਣ ਨਾਲ ਭਗਤੀ ਨਹੀਂ ਹੁੰਦੀ, ਜੈਸਾ ਕਿ ਭਗਤੀਏ ਫਿਰਕੇ ਦੇ ਭਗਤੀਆਂ ਨੂੰ ਭਗਤਿ ਪਾਉਣ (ਰਾਸ ਪਾਉਣ) ਦਾ ਮਾਣ ਸੀ।

''ਕਰਮ ਫਿਲਾਸਫੀ'' ਪੁਸਤਕ, ਪੰਨਾ ੨੬੧–੬੩

---

# ਮਨਿ ਜੀਤੈ ਜਗੁ ਜੀਤੁ

[ਮਾਸਟਰ ਮਾਘ ਸਿੰਘ ਜੀ 'ਪਿਆਰ' ਬੈਂਕੌਕ ਵਾਲੇ]

ਸਿਖਿਆ ਕਿਸੇ ਨੂੰ ਕੁਝ ਤੂੰ ਫੇਰ ਦੇਵੀਂ, ਮਨਾ ਆਪਣਾ ਆਪ ਸੁਧਾਰ ਪਹਿਲੋਂ।
ਹਉਮੈ ਹੇਚ ਦੇ ਸੁੰਨ ਸਮਾ ਕੇ ਤੇ, ਜਗ ਜਿਤ ਲੈ ਮਨ ਨੂੰ ਮਾਰ ਪਹਿਲੋਂ।

ਜਾਵੇ 'ਮੈਂ' ਤਾਂ ਰੱਬ ਦਾ ਵਾਸ ਹੁੰਦੈ, ਸਭਨਾਂ ਨਾਲ ਪੈਂਦੈ ਆਪੇ ਪਿਆਰ ਪਹਿਲੋਂ।
ਕਿਸੇ ਨਾਲ ਨਾ ਵੈਰ ਵਿਰੋਧ ਰਹਿੰਦੈ, ਰਾਕਸ਼ ਠਗ ਬਣਦੇ ਗੂੜ੍ਹੇ ਯਾਰ ਪਹਿਲੋਂ।

ਰਾਜ਼ ਫੁਲ ਦਾ ਬੀਜ ਦੇ ਮਿਟਣ ਅੰਦਰ, ਜੀਵਨ ਹਸਦਾ ਫੇਰ ਬਹਾਰ ਪਹਿਲੋਂ।
ਮਹਿੰਦੀ ਆਪ ਪਿਸਾਇ ਕੇ ਰੰਗ ਚਾੜ੍ਹੇ, ਗੁਰਮੁਖ ਜਿਤਦੇ ਜਗ ਨੂੰ ਹਾਰ ਪਹਿਲੋਂ।

ਸਜਨ ਆਪਣਾ ਸਭ ਬਨਾਣ ਖ਼ਾਤਰ, ਉਚੇ ਗਿਆਨ ਦਾ ਗੁਰ ਸਮਝਾਣ ਆਏ।
ਕਲੀ-ਕਾਲ ਇਹੋ ਕਰਾਮਾਤ ਦੇ ਕੇ, ਨਾਨਕ ਜਿੱਤ ਦਾ ਰਾਹ ਵਿਖਾਣ ਆਏ।



www.AKJ.Org

# ਤੂੰ ਮੇਰੀ ਓਟ ਤੂ ਹੈ ਮੇਰਾ ਮਾਣਾ ॥

[ਵਲੋਂ–ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਡੀ. ਲਿਟ.]

ਪ੍ਰਭੂ ਦੇ ਦਰ ਤੇ ਅਰਜ਼ੋਈ ਕਰਦੇ ਰਹਿਣਾ ਇਕ ਵਿਸ਼ੇਸ਼ ਗੁਣ ਹੈ। ਜਿਉਂ ਜਿਉਂ ਅਸੀ ਉਸ ਦੇ ਚਰਨਾਂ ਵਿਚ ਜੁੜਦੇ ਹਾਂ ਤਿਉਂ ਤਿਉਂ ਸਾਡੇ ਮਨ ਵਿਚ ਇਹ ਖ਼ਿਆਲ ਪੱਕਾ ਹੁੰਦਾ ਜਾਂਦਾ ਹੈ ਕਿ ਮਨੁੱਖਾ ਜੀਵਨ ਵਿਚ ਹਰ ਗੱਲੇ ਪ੍ਰਭੂ ਸਾਡੀ ਓਟ ਤੇ ਆਸਰਾ ਹੈ। ਪਰ ਇੱਥੇ ਇਸ ਗੱਲ ਦਾ ਚੇਤਾ ਰਖਣਾ ਭੀ ਜ਼ਰੂਰੀ ਹੈ ਕਿ ਸਾਡਾ ਤੇ ਪ੍ਰਭੂ ਦਾ ਇਹ ਆਤਮਕ ਸੰਬੰਧ ਕਿਸੇ ਤਰ੍ਹਾਂ ਭੀ ਵਟੀਜ ਨਹੀਂ ਸਕਦਾ। ਜੇ ਅਸੀ ਅਰਜ਼ੋਈ ਕਰਦੇ ਰਹਾਂਗੇ ਤਾਂ ਅਸੀ ਪ੍ਰਭੂ ਦੇ ਵਧੀਕ ਅਧੀਨ ਨਹੀਂ ਹੋ ਜਾਵਾਂਗੇ ਤੇ ਜੇ ਉਸ ਨੂੰ ਸਿਮਰਨਾ ਛੱਡ ਦਿਆਂਗੇ ਤਾਂ ਅਸੀ ਇਸ ਸੰਬੰਧ ਤੋਂ ਸੁਤੰਤਰ ਨਹੀਂ ਹੋ ਸਕਣ ਲਗੇ। ਪਰ ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਹੈ ਕਿ ਜੇ ਅਸੀਂ ਆਪਣੇ **ਸਿਰਜਨਹਾਰ ਦੇ ਚਰਨਾਂ ਵਿਚ ਜੁੜਨ ਦਾ ਸੁਭਾਉ ਛੱਡ ਦਿਆਂਗੇ ਤਾਂ ਜੋ ਅਨੰਦ ਤੇ ਲਾਭ ਇਸ ਉੱਦਮ ਵਿਚੋਂ ਨਿਕਲਣਾ ਸੀ, ਉਸ ਤੋਂ ਜ਼ਰੂਰ ਵਾਂਜੇ ਰਹਾਂਗੇ।**

ਪ੍ਰਭੂ ਸਾਡੀ ਓਟ ਤੇ ਆਸਰਾ ਕਿਸ ਤਰ੍ਹਾਂ ਹੈ? ਇਹ ਇਕ ਸੂਖਮ ਜਿਹਾ ਪ੍ਰਸ਼ਨ ਹੈ। ਇਸ ਨੂੰ ਸਮਝਣਾ ਜ਼ਰੂਰੀ ਹੈ। ਕੀੜੀ ਤੋਂ ਲੈ ਕੇ ਮਨੁੱਖ ਤਾਈਂ ਸਾਰੀਆਂ ਜੂਨੀਆਂ ਦੇ ਜੀਵ-ਜੰਤ ਪ੍ਰਭੂ ਦੇ ਆਸਰੇ ਹਨ। ਸਭ ਦੇ ਸਿਰਜਣ ਵਾਲਾ, ਸਭ ਨੂੰ ਪਾਲਣ ਵਾਲਾ ਤੇ ਸੰਘਾਰਨ ਵਾਲਾ ਨਿਰੰਕਾਰ ਆਪ ਹੀ ਹੈ। ਸਿਰਜਨਹਾਰ ਦੀ ਮਰਜ਼ੀ ਤੋਂ ਬਿਨਾ ਕੋਈ ਜੀਵ ਇਕ ਨਿਮਖ ਮਾਤਰ ਭੀ ਜੀਊ ਨਹੀਂ ਸਕਦਾ, ਜਿਵੇਂ ਪ੍ਰੀਤਮ ਸਤਿਗੁਰੂ ਜੀ ਫ਼ੁਰਮਾਂਦੇ ਹਨ–

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
ਘਾਹ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿਅ ਸਾਹ ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥੧੪॥

(ਮਾਝ ਕੀ ਵਾਰ, ਸਲੋਕ ਮਹਲਾ ੧, ਪੰਨਾ ੧੪੪

ਪਰ ਇਹੋ ਜਿਹੀ ਅਧੀਨਤਾ ਸਾਡੇ ਲਈ ਭੀ ਉਤਨੀ ਹੀ ਹੈ, ਜਿਤਨੀ ਇਕ ਕੁੱਤੇ ਲਈ ਹੈ ਜਾਂ ਇਕ ਘੋੜੇ ਲਈ।

ਪ੍ਰਭੂ ਨੇ ਖ਼ਾਸ ਨਿਯਮ ਤੇ ਤਾਕਤਾਂ ਰਚ ਕੇ ਉਹਨਾਂ ਦੇ ਅਧੀਨ ਸਾਰੀ ਕੁਦਰਤ ਨੂੰ ਬਣਾ ਦਿੱਤਾ ਹੈ। ਆਪਣੇ ਆਪ ਨੂੰ ਉਸ ਨੇ ਇਸ ਕੁਦਰਤ ਦੇ ਉਹਲੇ ਰੱਖਿਆ ਹੋਇਆ ਹੈ। ਭਾਵੇਂ ਇਨ੍ਹਾਂ ਸਾਰੇ ਨਿਯਮਾਂ ਦੇ ਪਿਛੇ ਉਹ ਆਪ ਹੀ ਸਭ ਕੁਝ ਕਰ ਰਿਹਾ ਹੈ, ਪਰ ਸਧਾਰਨ ਬੋਲੀ ਵਿਚ ਅਸੀਂ ਆਖਦੇ ਹਾਂ ਕਿ ਕੁਦਰਤ ਦੇ ਨਿਯਮਾਂ ਅਨੁਸਾਰ ਜਗਤ ਵਿਚ ਫ਼ਲਾਣੇ ਫ਼ਲਾਣੇ ਕੌਤਕ ਵਰਤ ਰਹੇ ਹਨ।ਅਸੀਂ ਕਿਸੇਫੁੱਲ ਦਾ ਬੀਜ ਬੀਜਦੇ ਹਾਂ, ਸਮੇਂ ਸਿਰ ਰੁੱਤ ਦੇ ਅਨੁਸਾਰ ਉਹ ਬੀਜ ਉਗਦਾ ਹੈ ਤੇ ਸੋਹਣਾ ਫੁੱਲ ਖਿੜਦਾ ਹੈ, ਜ਼ਾਤੀ ਤੌਰ ਤੇ ਕਿਸੇ ਰੱਬੀ ਦਖ਼ਲ ਦੀ ਲੋੜ ਨਹੀਂ ਪੈਂਦੀ। ਸਧਾਰਨ ਤੌਰ ਤੇ ਹੀ ਕੁਦਰਤ ਦੇ ਰੱਬੀ ਨਿਯਮ ਅਨੁਸਾਰ ਫੁੱਲ ਖਿੜ ਪੈਂਦਾ ਹੈ।

ਪਰ ਜਦੋਂ ਅਸੀ ਆਖਦੇ ਹਾਂ, ਪ੍ਰਭੂ ਮਨੁੱਖ ਦੀ ਓਟ ਤੇ ਆਸਰਾ ਹੈ, ਅਸੀ ਕਿਸੇ ਆਤਮਕ ਸੰਬੰਧ ਦਾ ਜ਼ਿਕਰ ਕਰਦੇ ਹਾਂ, ਜੋ ਉੱਪਰ-ਲਿਖੇ ਸੰਬੰਧ ਨਾਲੋਂ ਵੱਖਰਾ ਹੈ। ਇਸ ਦਾ ਭਾਵ ਇਹ ਹੈ ਕਿ ਮਨੁੱਖ ਲਈ ਮਨੁੱਖਤਾ ਦੀ ਪਦਵੀ ਪ੍ਰਾਪਤ ਕਰਨ ਵਾਸਤੇ ਪ੍ਰਭੂ ਨਾਲ ਖ਼ਾਸ ਸੰਬੰਧ ਹੋਣਾ ਜ਼ਰੂਰੀ ਹੈ। ਯਥਾ ਗੁਰ-ਵਾਕ :–

ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ ॥ ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ ॥
ਗੁਰ ਪਰਸਾਦੀ ਮੁਕਤੁ ਹੋਇ ਸਾਚੇ ਨਿਜ ਤਾੜੀ ॥੬॥ ਅਨਹਤਿ ਲਾਲਾ ਬੇਧਿਆ, ਪ੍ਰਭ ਹੇਤ ਪਿਆਰੀ ॥



www.AKJ.Org

ਬਿਨੁ ਸਾਚੇ ਜੀਉ ਜਲਿ ਬਲਉ ਝੂਠੇ ਵੇਕਾਰੀ ॥ ਬਾਦਿ ਕਾਰਾ ਸਭਿ ਛੋਡੀਆ ਸਾਚੀ ਤਰੁ ਤਾਰੀ ॥੭॥
ਜਿਨੀ ਨਾਮੁ ਵਿਸਾਰਿਆ ਤਿਨਾ ਠਉਰ ਨ ਠਾਉ ॥ ਲਾਲੈ ਲਾਲਚੁ ਤਿਆਗਿਆ ਪਾਇਆ ਹਰਿ ਨਾਉ ॥
ਤੂ ਬਖਸਹਿ ਤਾ ਮੇਲਿ ਲੈਹਿ ਨਾਨਕ ਬਲਿ ਜਾਉ ॥੮॥੪॥ [ਮਾਰੂ ਮਹਲਾ ੧, ਪੰਨਾ ੧੦੧੧

ਇਸ ਉਪਰ-ਲਿਖੇ ਸ਼ਬਦ ਦਾ ਪਰਤੱਖ ਭਾਵ ਇਹ ਹੈ ਕਿ ਸਾਰੇ ਜੀਵਾਂ ਦੇ ਸਿਰਦਾਰ ਉੱਤਮ ਜੂਨ ਵਾਲੇ ਮਨੁੱਖ ਨੂੰ ਮਨੁੱਖਤਾ ਦੇਣ ਲਈ ਪ੍ਰਭੂ ਖ਼ਾਸ ਤੌਰ ਤੇ ਇਸ ਨਾਲ ਆਪਣਾ ਸੰਬੰਧ ਜੋੜਦਾ ਹੈ। ਜਗਤ ਦੇ ਹੋਰ ਜੀਅ-ਜੰਤ ਪੈਦਾ ਕਰਨ ਵਿਚ ਕਰਤਾਰ ਨੇ ਆਪਣੀ ਕਾਰੀਗਰੀ ਦਾ ਚਮਤਕਾਰ ਇਸ ਗੱਲ ਵਿਚ ਵਿਖਾਇਆ ਹੈ ਕਿ ਕੁਦਰਤ ਦੇ ਨਿਯਮਾਂ ਵਿਚ ਹੀ ਹਰੇਕ ਜੀਵ ਆਪਣੀ ਅੰਦਰਲੀ ਸੱਤਾ ਅਨੁਸਾਰ ਆਪਣੀ ਪੂਰਨ ਹਸਤੀ ਦੇ ਉਤਲੇ ਦਰਜੇ ਤੇ ਅੱਪੜ ਜਾਂਦਾ ਹੈ। ਪ੍ਰਭੂ ਕੋਈ ਖ਼ਾਸ ਦਖ਼ਲ ਨਹੀਂ ਦੇਂਦਾ। ਪਰ ਇਹ ਇਕ ਅਚਰਜ ਭੇਦ ਹੈ ਕਿ ਬਾਕੀ ਜੀਵਾਂ ਵਾਂਗ ਮਨੁੱਖ ਪੂਰਨ ਮਨੁੱਖਤਾ ਦੇ ਦਰਜੇ ਤੇ ਆਪਣੇ ਆਪ ਨਹੀਂ ਅੱਪੜ ਸਕਦਾ।

ਇਹ ਇਕ ਅਚਰਜ ਕੌਤਕ ਹੈ ਕਿ ਇਕ ਪਾਸੇ ਮਨੁੱਖ ਨੂੰ ਜਗਤ ਦੇ ਜੀਵਾਂ ਦਾ ਸਿਰਦਾਰ ਆਖਿਆ ਜਾਂਦਾ ਹੈ, ਦੂਜੇ ਪਾਸੇ, ਮਨੁੱਖ ਵਿਚ ਇਹ ਭਾਰੀ ਊਣਤਾਈ ਜਾਪਦੀ ਹੈ ਕਿ ਹੋਰ ਜੀਵ ਤਾਂ ਆਪਣੇ ਆਪ ਸੁਤੇ ਹੀ ਆਪਣੀ ਜਾਤੀ ਵਾਲੀ ਪੂਰਨਤਾ ਦੇ ਦਰਜੇ ਉੱਤੇ ਅੱਪੜ ਜਾਂਦੇ ਹਨ, ਪਰ ਮਨੁੱਖ ਨੂੰ ਮਨੁੱਖਤਾ ਦੀ ਪਦਵੀ ਉਤੇ ਪਹੁੰਚਣ ਲਈ ਰੱਬੀ ਤਕੀਏ ਦੀ ਲੋੜ ਹੈ। **ਗਹੁ ਨਾਲ ਵਿਚਾਰੀਏ ਤਾਂ ਇਸ ਸੰਬੰਧ ਵਿਚ ਇਕ ਅਨੋਖਾ ਸਵਾਦ ਹੈ।** ਮਨੁੱਖ ਲਈ ਇਹ ਮਾਣ ਤੇ ਫ਼ਖ਼ਰ ਵਾਲੀ ਗੱਲ ਹੈ ਕਿ ਸਿਰਜਨਹਾਰ ਨੇ ਸ੍ਰਿਸ਼ਟੀ ਦੇ ਬਾਕੀ ਜੀਵਾਂ ਨਾਲੋਂ ਮਨੁੱਖ ਨਾਲ ਵਧੀਕ ਅਪਣੱਤ ਰੱਖੀ ਹੋਈ ਹੈ। ਮਨੁੱਖ ਹੋਰ ਜੀਵਾਂ ਨਾਲੋਂ ਉੱਚਾ ਹੈ, ਤਾਹੀਏਂ ਪ੍ਰਭੂ ਨੇ ਇਸ ਨੂੰ ਅਜਿਹਾ ਬਣਾ ਦਿੱਤਾ ਹੈ ਕਿ ਉਸ ਦੇ ਮਿਲਾਪ ਦੇ ਸੁਆਦ ਤੋਂ ਬਿਨਾ ਇਹ ਰਹਿ ਹੀ ਨਾ ਸਕੇ। ਇਹੀ ਇਸ ਦੀ ਉੱਚਤਾ ਹੈ, ਇਸੇ ਵਿਚ ਇਸ ਦੀ ਵਡਿਆਈ ਹੈ।

ਸਤਿਗੁਰੂ ਦੀ ਰੱਬੀ ਬਾਣੀ ਵਿਚ ਸਭ ਤੋਂ ਵਧੀਕ ਅਚਰਜ ਖ਼ਿਆਲ ਇਹ ਹੈ ਕਿ ਜੀਵ ਦਾ ਆਪਣੇ ਸਿਰਜਨਹਾਰ ਨਾਲ ਵਿਆਹ ਹੋ ਜਾਣਾ ਇਸ ਲਈ ਉੱਚੀ ਤੋਂ ਉੱਚੀ ਦਾਤਿ ਹੈ। ਇਹ ਇਕ ਡੂੰਘੇ ਭੇਦ ਵਾਲੀ ਗੱਲ ਹੈ। ਸਾਨੂੰ ਭਾਵੇਂ ਇਸ ਭੇਦ ਦੀ ਚੰਗੀ ਤਰ੍ਹਾਂ ਸਮਝ ਨਾ ਆਉਂਦੀ ਹੋਵੇ, ਪਰ ਅਸੀਂ ਇਹ ਆਖਣੋਂ ਨਹੀਂ ਰਹਿ ਸਕਦੇ ਕਿ ਪ੍ਰਭੂ ਨਾਲ ਵਿਵਾਹ ਵਾਲਾ ਸੰਬੰਧ ਸਭ ਤੋਂ ਵਧੀਕ ਨੇੜੇ ਦਾ ਸੰਬੰਧ ਹੋਵੇਗਾ, ਜੋ ਪ੍ਰਭੂ ਆਪਣੇ ਜੀਆਂ ਦੇ ਨਾਲ ਬਣਾ ਸਕਦਾ ਹੈ। ਸਤਿਗੁਰੂ ਜੀ ਇਸ ਅਲੰਕਾਰ ਨੂੰ ਥਾਂ ਥਾਂ ਤੇ ਵਰਤਦੇ ਹਨ। ਆਪਣੇ ਆਪ ਨੂੰ ਇਸਤ੍ਰੀ ਆਖ ਕੇ ਪ੍ਰਭੂ-ਪਤੀ ਦੇ ਬਿਰਹੋਂ ਤੇ ਪਿਆਰ ਵਿਚ ਡਾਢੇ ਦਿਲ-ਖਿਚਵੇਂ ਸ਼ਬਦ ਉਚਾਰਦੇ ਹਨ, ਜੋ ਮੁਰਦਾ ਰੂਹਾਂ ਨੂੰ ਭੀ ਸਿਰਜਨਹਾਰ ਦੇ ਚਰਨਾਂ ਵਿਚ ਜਾ ਪਰੋਂਦੇ ਹਨ। ਯੁਬਾ ਅਵਸਥਾ ਵਾਲੀ ਇਸਤ੍ਰੀ ਦਾ ਪਤੀ ਪਰਦੇਸ ਜਾਂਦਾ ਹੈ, ਉਹ ਬਿਰਹੋਂ ਵਿਚ ਵਿਆਕੁਲ ਹੋਈ ਹੋਈ ਕੋਠੇ ਤੇ ਚੜ੍ਹ ਕੇ ਪਤੀ ਦਾ ਰਾਹ ਤੱਕਦੀ ਹੈ, ਤੇ ਕਾਂ ਉਡਾਂਦੀ ਹੈ। ਕਿਹੀ ਵਿਰਾਗ-ਭਰੀ ਖਿੱਚ ਹੈ! ਪਤੀ ਦੇ ਚਰਨਾਂ ਵਿਚ ਕੇਡੀ ਡੂੰਘੀ ਮਗਨਤਾ ਹੈ। ਆਪਣੇ ਪ੍ਰਭੂ-ਪਤੀ ਦੇ ਚਰਨਾਂ ਵਿਚ ਸਦਾ ਜੁੜੇ ਰਹਿਣ ਵਾਲੇ ਸੋਹਣੇ ਸਤਿਗੁਰੂ ਤੋਂ ਇਹ ਸੁਆਦਲੀ ਝਾਕੀ ਭਲਾ ਕਿਵੇਂ ਉਹਲੇ ਰਹਿ ਸਕਦੀ ਸੀ?–

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥
ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ ॥੧॥
ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥੧॥ਰਹਾਉ॥ [ਪੰਨਾ ੩੩੮

ਸ੍ਰੀ ਰਾਮ ਚੰਦਰ ਜੀ ਬਨਵਾਸ ਵਾਸਤੇ ਰਾਜ-ਮਹਿਲ ਤਿਆਗ ਰਹੇ ਹਨ। ਪਤਿਬ੍ਰਤ ਦੀ ਪੁਤਲੀ ਸੀਤਾ ਜੀ ਆਪ ਦੇ ਨਾਲ ਜਾਣ ਲਈ ਬੇਨਤੀ ਕਰ ਰਹੀ ਹੈ। ਸਮਝਾਂਦੇ ਹਨ ਕਿ ਬਨਾਂ ਵਿਚ ਭੁੱਖ ਦਾ ਦੁੱਖ, ਭੁੰਞੇ ਸੌਣਾ, ਸ਼ੇਰ ਚਿਤਰੇ ਆਦਿਕ ਤੋਂ ਜਾਨ ਦਾ ਭੈ, ਅਜਿਹੇ ਬੇਅੰਤ ਕਸ਼ਟ ਝੱਲਣੇ ਪੈਣਗੇ। ਪਰ ਸੀਤਾ ਜੀ


www.AKJ.Org

ਪਤੀ ਦੇ ਵਿਛੋੜੇ ਦੇ ਸੱਲ ਦੇ ਟਾਕਰੇ ਤੇ ਇਹਨਾਂ ਨੂੰ ਤੁੱਛ ਸਮਝ ਰਹੇ ਹਨ, ਤੇ ਨਾਲ ਚੱਲਣ ਵਾਸਤੇ ਆਗਿਆ ਮੰਗ ਰਹੇ ਹਨ। ਇਸਤ੍ਰੀ ਪਤੀ ਦੇ ਪਿਆਰ ਦਾ ਕਿਹਾ ਦਿਲ-ਖਿੱਚਵਾਂ ਦ੍ਰਿਸ਼ ਹੈ ! ਸੋਹਣੇ ਸਤਿਗੁਰੂ ਜੀ ਅਜਿਹੀ ਵਿਰਾਗ-ਭਰੀ ਦਸ਼ਾ ਨੂੰ ਆਪਣੇ ਪਤੀ ਸਿਰਜਨਹਾਰ ਦੇ ਚਰਨਾਂ ਵਿਚ ਜੁੜ ਕੇ ਇਉਂ ਦੱਸਦੇ ਹਨ, ਤੇ ਚਰਨਾਂ ਵਿਚ ਹੀ ਜੁੜੇ ਰਹਿਣ ਦਾ ਸੁਆਦ ਸਾਰੇ ਰਸਾਂ ਤੋਂ ਉੱਚਾ ਮੰਨਦੇ ਹਨ :-

ਵਾਰਿ ਵਾਰਉ ਅਨਿਕ ਡਾਰਉ ॥ ਸੁਖੁ ਪ੍ਰਿਅ ਸੁਹਾਗ ਪਲਕ ਰਾਤ ॥੧॥ਰਹਾਉ ॥
ਕਨਿਕ ਮੰਦਰ ਪਾਟ ਸੇਜ ਸਖੀ, ਮੋਹਿ ਨਾਹਿ ਇਨ ਸਿਉ ਤਾਤ ॥੧॥
ਮੁਕਤ ਲਾਲ ਅਨਿਕ ਭੋਗ, ਬਿਨੁ ਨਾਮ ਨਾਨਕ ਹਾਤ ॥
ਰੂਖੋ ਭੋਜਨੁ ਭੂਮਿ ਸੈਨ ਸਖੀ, ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥ [ਕਾਨੜਾ ਮ: ੫-੧੩੦੬

ਪਰ ਜਿੱਥੇ ਜੀਵ ਤੇ ਪ੍ਰਭੂ ਦੇ ਵਿਆਹ ਵਾਲਾ ਇਹ ਸੰਬੰਧ ਡੂੰਘਾ ਤੇ ਸੁਆਦਲਾ ਹੈ, ਓਥੇ ਇਹ ਇਸ ਗੱਲ ਵਲ ਭੀ ਧਿਆਨ ਦਿਵਾਂਦਾ ਹੈ ਕਿ ਜੋੜੀ ਵਿਚੋਂ ਜਿਹੜੀ ਧਿਰ ਕਮਜ਼ੋਰ ਹੈ, ਉਸ ਦਾ ਆਸਰਾ ਤਕੜੀ ਧਿਰ ਹੈ। ਪੁਰਾਣੇ ਸਮਿਆਂ ਤੋਂ ਹੀ ਇਸਤ੍ਰੀ ਨੂੰ 'ਅਬਲਾ' ਕਿਹਾ ਗਿਆ ਹੈ। ਪਤੀ ਇਸ ਦਾ ਤਾਣ-ਤਕੀਆ ਹੈ। ਇਸ 'ਅਬਲਾ' ਭਾਵ ਨੂੰ ਲੈ ਕੇ ਸੋਹਣਾ ਪ੍ਰੀਤਮ ਆਪਣੇ ਸਿਰਜਨਹਾਰ ਦੇ ਚਰਨਾਂ ਵਿਚ ਇਉਂ ਅਰਜ਼ੋਈ ਕਰਦਾ ਹੈ :-

ਬਰਸੁ ਮੇਘ ਜੀ, ਤਿਲੁ ਬਿਲਮੁ ਨ ਲਾਉ ॥
ਬਰਸੁ ਪਿਆਰੇ ਮਨਹਿ ਸਧਾਰੇ, ਹੋਇ ਅਨਦੁ ਸਦਾ ਮਨਿ ਚਾਉ ॥੧॥ਰਹਾਉ॥
ਹਮ ਤੇਰੀ ਧਰ ਸੁਆਮੀਆ ਮੇਰੇ ਤੂੰ ਕਿਉ ਮਨਹੁ ਬਿਸਾਰੇ ॥
ਇਸਤ੍ਰੀ ਰੂਪ ਚੇਰੀ ਕੀ ਨਿਆਈ, ਸੋਭ ਨਹੀ ਬਿਨੁ ਭਰਤਾਰੇ ॥੧॥
ਬਿਨਉ ਸੁਨਿਓ ਜਬ ਠਾਕੁਰ ਮੇਰੈ, ਬੇਗਿ ਆਇਓ ਕਿਰਪਾ ਧਾਰੇ ॥
ਕਹੁ ਨਾਨਕ ਮੇਰੋ ਬਨਿਓ ਸੁਹਾਗੋ, ਪਤਿ ਸੋਭਾ ਭਲੇ ਅਚਾਰੇ ॥੨॥੩॥੭॥
[ਮਲਾਰ ਮਹਲਾ ੫, ਪੰਨਾ ੧੨੬੭-੬੮

ਨਿਰਾ ਇਹੀ ਨਹੀਂ। ਸਿਰਜਣਹਾਰ ਦੇ ਮਹਿਰਮ ਸਤਿਗੁਰੂ ਜੀ ਸਗੋਂ ਆਖਦੇ ਹਨ ਕਿ ਪ੍ਰਭੂ-ਪਤੀ ਨਾਲ ਇਸ ਵਿਆਹ ਵਾਲੇ ਸੰਬੰਧ ਵਿਚੋਂ ਸੁਖ ਤੇ ਅਨੰਦ ਤਾਂ ਹੀ ਮਿਲ ਸਕਦਾ ਹੈ ਜੇ ਜੀਵ-ਇਸਤ੍ਰੀ ਪ੍ਰਭੂ-ਪਤੀ ਦੀ ਪੂਰਨ ਰਜ਼ਾ ਵਿਚ ਰਹੇ, ਹਰ ਵੇਲੇ, ਹਰ ਗੱਲੇ ਪ੍ਰਭੂ ਨੂੰ ਆਪਣਾ ਆਸਰਾ ਸਮਝੇ। ਆਪਾ-ਭਾਵ ਗਵਾ ਕੇ ਪਤੀ ਨੂੰ ਪ੍ਰਸੰਨ ਕਰਨ ਦੇ ਆਹਰੇ ਲਗੀ ਰਹੇ—

ਸੁਣਿ ਸਖੀਏ ਮਿਲਿ ਉਦਮੁ ਕਰੇਹਾ, ਮਨਾਇ ਲੈਹਿ ਹਰਿ ਕੰਤੈ ॥
ਮਾਨੁ ਤਿਆਗਿ ਕਰਿ ਭਗਤਿ ਠਗਉਰੀ, ਮੋਹਹ ਸਾਧੂ ਮੰਤੈ ॥
ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ, ਇਹ ਰੀਤਿ ਭਲੀ ਭਗਵੰਤੈ ॥
ਨਾਨਕ ਜਰਾ ਮਰਣ ਭੈ ਨਰਕ ਨਿਵਾਰੈ, ਪੁਨੀਤ ਕਰੈ ਤਿਸੁ ਜੰਤੈ ॥੧॥......
ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ, ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥
ਸੁਣਿ ਸਖੀਏ ਮੇਰੀ ਨੀਦ ਭਲੀ, ਮੈ ਆਪਨੜਾ ਪਿਰੁ ਮਿਲਿਆ ॥
ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ, ਪਰਗਾਸੁ ਭਇਆ ਕਉਲੁ ਖਿਲਿਆ ॥
ਵਰੁ ਪਾਇਆ ਪ੍ਰਭੁ ਅੰਤਰਜਾਮੀ, ਨਾਨਕ ਸੋਹਾਗੁ ਨ ਟਲਿਆ॥੪॥੪॥੨॥੧੧॥
[ਗਉੜੀ ਮਹਲਾ ੫ ਛੰਤ, ਪੰਨਾ ੨੪੯

ਜੇ ਪ੍ਰਭੂ ਮਨੁੱਖ ਦੀ ਬਣਤਰ ਅਜਿਹੀ ਬਣਾ ਦਿੰਦਾ ਕਿ ਇਸ ਨੂੰ ਸ੍ਰਿਸ਼ਟੀ ਦੇ ਬਾਕੀ ਜੀਵਾਂ ਵਾਂਗ, ਮਨੁੱਖਤਾ ਦੀ ਪਦਵੀ ਉੱਤੇ ਅੱਪੜਨ ਲਈ, ਪ੍ਰਭੂ ਦੀ ਜ਼ਾਤੀ ਸਹਾਇਤਾ ਦੀ ਲੋੜ ਨਾ ਹੁੰਦੀ ਤਾਂ ਉੱਪਰ



www.AKJ.Org

ਲਿਖੇ ਦਿਲ-ਖਿੱਚਵੇਂ ਤਰੰਗ ਤੇ ਪਿਆਰ-ਭਰੇ ਵਲਵਲੇ ਸਾਡੇ ਭਾਗਾਂ ਵਿਚ ਨਾ ਹੁੰਦੇ। ਤਾਂ ਤੇ ਆਪਣੇ ਇਸ ਨਿਤਾਣੇ-ਪਨ ਤੇ ਖੁਸ਼ ਹੋਵੀਏ, ਤੇ ਪ੍ਰੀਤਮ-ਪ੍ਰਭੂ ਦੇ ਦਰ ਉੱਤੇ ਸਤਿਗੁਰੂ ਜੀ ਦੀ ਬਖਸ਼ੀ ਹੋਈ ਮੁਹਾਰਨੀ ਲੈ ਕੇ ਇਉਂ ਅਰਜ਼ੋਈ ਕਰੀਏ–

ਰਾਖਹੁ ਅਪਨੀ ਸਰਣਿ ਪ੍ਰਭ, ਮੋਹਿ ਕਿਰਪਾ ਧਾਰੇ ॥ ਸੇਵਾ ਕਛੂ ਨ ਜਾਨਊ, ਨੀਚੁ ਮੂਰਖਾਰੇ ॥੧॥
ਮਾਨੁ ਕਰਉ ਤੁਧੁ ਊਪਰੇ, ਮੇਰੇ ਪ੍ਰੀਤਮ ਪਿਆਰੇ ॥
ਹਮ ਅਪਰਾਧੀ ਸਦ ਭੂਲਤੇ, ਤੁਮ੍ ਬਖਸਨਹਾਰੇ ॥੧॥ਰਹਾਉ॥
ਹਮ ਅਵਗਨ ਕਰਹ ਅਸੰਖ ਨੀਤਿ, ਤੁਮ੍ ਨਿਰਗੁਨ ਦਾਤਾਰੇ ॥
ਦਾਸੀ ਸੰਗਤਿ ਪ੍ਰਭੂ ਤਿਆਗਿ, ਏ ਕਰਮ ਹਮਾਰੇ ॥੨॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ, ਹਮ ਅਕਿਰਤਘਨਾਰੇ ॥
ਲਾਗਿ ਪਰੇ ਤੇਰੇ ਦਾਨ ਸਿਉ, ਨਹ ਚਿਤਿ ਖਸਮਾਰੇ ॥੩॥
ਤੁਝ ਤੇ ਬਾਹਰਿ ਕਿਛੁ ਨਹੀ, ਭਵ ਕਾਟਨਹਾਰੇ ॥
ਕਹੁ ਨਾਨਕ ਸਰਣਿ ਦਇਆਲ ਗੁਰ, ਲੇਹੁ ਮੁਗਧ ਉਧਾਰੇ ॥੪॥੪॥

[ਬਿਲਾਵਲ ਮਹਲਾ ੫, ਪੰਨਾ ੮੦੯

ਇਹ ਜਗਤ ਇਕ ਅਖਾੜਾ ਹੈ, ਰੱਬੀ-ਜੀਵਨ ਮਾਲੀ ਹੈ, ਜੋ ਅਖਾੜੇ ਵਿਚੋਂ ਮਨੁੱਖ ਨੇ ਜਿੱਤਣੀ ਹੈ। ਇਸ ਅਖਾੜੇ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵਿਕਾਰ ਇਸ ਦੇ ਟਾਕਰੇ ਉੱਤੇ ਭਲਵਾਨ ਖਲੋਤੇ ਹੋਏ ਹਨ, ਸਿਰਜਨਹਾਰ ਇਸ ਸਾਰੀ ਛਿੰਝ ਨੂੰ ਬੈਠਾ ਵੇਖ ਰਿਹਾ ਹੈ। ਜੀਵਾਂ ਦੇ ਭਲੇ ਵਾਸਤੇ ਮਾਲਕ ਨਿਰੰਕਾਰ ਦੀ ਰਜ਼ਾ ਦਾ ਇਹ ਨਿਯਮ ਹੈ ਕਿ ਮਨੁੱਖ ਇਸ ਮਾਲੀ ਨੂੰ ਸੁਖੈਨ ਹੀ ਨਾ ਜਿੱਤ ਲੈਣ। ਇਹ ਕਾਮਾਦਿਕ ਭਲਵਾਨ ਹਰ ਵੇਲੇ ਮਨੁੱਖ ਨੂੰ ਅਖਾੜੇ ਵਿਚ ਪਛਾੜਨ ਦਾ ਜਤਨ ਕਰਦੇ ਰਹਿੰਦੇ ਹਨ।

ਸਧਾਰਨ ਮਨੁੱਖ ਤੋਂ ਉਚੇਰੇ ਆਤਮਕ ਮੰਡਲ ਵਿਚ ਵਸਦੇ ਸੁਭਾਗ ਜੀਵਾਂ ਵਾਸਤੇ ਕਾਮਾਦਿਕ ਭਲਵਾਨਾਂ ਦਾ ਜਥ੍ਹਾ ਭਾਵੇਂ ਤੁਛ ਜਿਹਾ ਹੋਵੇ, ਪਰ ਰਤਾ ਗਹੁ ਨਾਲ ਵਿਚਾਰੀਏ ਤਾਂ ਇਹ ਪਰਤੱਖ ਦਿੱਸ ਪੈਂਦਾ ਹੈ ਕਿ ਸਾਡੇ ਵਾਸਤੇ ਇਹਨਾਂ ਦਾ ਟਾਕਰਾ ਕਰਨਾ ਬਹੁਤ ਕਠਨ ਹੈ। ਆਮ ਤੌਰ ਤੇ ਅਸੀਂ ਇਹ ਵੇਖ ਰਹੇ ਹਾਂ ਕਿ ਸਾਨੂੰ ਇਹ ਪਤਾ ਹੀ ਨਹੀਂ ਲਗਦਾ, ਕਿਹੜੇ ਵੇਲੇ ਇਹ ਭਲਵਾਨ ਸਾਨੂੰ ਅਚਨਚੇਤ ਆ ਦਬਾਂਦੇ ਹਨ। ਇਨ੍ਹਾਂ ਦੇ ਹੱਲੇ ਦੇ ਟਾਕਰੇ ਤੇ ਸੁਚੇਤ ਰਹਿਣਾ ਸਾਡੀ ਸਮਝ ਤੋਂ ਪਰੇ ਹੈ।

ਪਰ ਜਿੱਥੇ ਸਿਰਜਨਹਾਰ ਨੇ ਸਾਨੂੰ ਇਹਨਾਂ ਭਲਵਾਨਾਂ ਦੇ ਸਾਹਮਣੇ ਨਿਤਾਣੇ ਬਣਾ ਦਿੱਤਾ ਹੈ, ਜਿੱਥੇ ਇਹਨਾਂ ਦੀ ਮਾਰ ਦੇ ਤਰੀਕੇ ਸਾਡੀ ਸਮਝ ਤੋਂ ਪਰੇ ਰਖੇ ਹਨ, ਉੱਥੇ ਉਸ ਪਿਆਰ-ਪੁੰਜ ਨੇ ਸਾਡੇ ਬਚਾਉ ਲਈ ਭੀ ਆਪਣਾ ਸਿੱਧਾ ਸੰਬੰਧ ਸਾਡੇ ਨਾਲ ਅਜਿਹਾ ਰੱਖ ਦਿੱਤਾ ਹੈ, ਜੋ ਹੈ ਤਾਂ ਉਸੇ ਤਰ੍ਹਾਂ ਹੀ ਸਾਡੀ ਸਮਝ ਤੋਂ ਪਰੇ ਜਿਵੇਂ ਇਹਨਾਂ ਕਾਮਾਦਿਕਾਂ ਦੀ ਮਾਰ, ਪਰ ਉਹ ਇਤਨਾ ਬਲਵਾਨ ਹੈ ਕਿ ਜੇ ਇਹ ਜ਼ਾਤੀ ਸੰਬੰਧ ਬਣ ਜਾਏ ਤਾਂ ਕਾਮਾਦਿਕ ਭਲਵਾਨਾਂ ਦੀ ਕੋਈ ਪੇਸ਼ ਨਹੀਂ ਜਾ ਸਕਦੀ। ਸੋ ਇਹ ਇਕ ਹੋਰ ਨਵਾਂ ਕਾਰਨ ਹੈ ਕਿ ਮਨੁੱਖ ਦਾ ਪ੍ਰਭੂ ਦੇ ਆਸਰੇ ਰਹਿਣਾ ਕਿਉਂ ਜ਼ਰੂਰੀ ਹੈ।

ਸਤਿਗੁਰੂ ਜੀ ਸੰਸਾਰ ਦੀ ਇਸ ਸਦਾ ਵਰਤ ਰਹੀ ਛਿੰਝ ਨੂੰ ਵੇਖ ਕੇ ਇਉਂ ਫੁਰਮਾਂਦੇ ਹਨ :–

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ, ਦਯੁ ਬੈਠਾ ਵੇਖੈ ਆਪਿ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ, ਗੁਰਿ ਥਾਪੀ ਦਿਤੀ ਕੰਡਿ ਜੀਉ ॥੧੮॥੨॥੨੯॥ [ਸਿਰੀ ਰਾਗੁ ਮ: ੫–੭੪



www.AKJ.Org

# ਇਹ ਕੰਡਿਆਲਾ ਰਾਹ

[ਵਲੋਂ ਗਿਆਨੀ ਦੀਦਾਰ ਸਿੰਘ ਜੀ, ਰੋਪੜ]

ਗਿਆਨੀ ਦੀਦਾਰ ਸਿੰਘ ਜੀ ਦੁਆਰਾ ਅੰਕਿਤ ਕੀਤੀਆਂ ਦੋ ਘਟਨਾਵਾਂ ਪਾਠਕਾਂ ਦੀ ਦ੍ਰਿਸ਼ਟੀ-ਗੋਚਰੇ ਕੀਤੀਆਂ ਜਾਂਦੀਆਂ ਹਨ। ਅਜਿਹੀਆਂ ਘਟਨਾਵਾਂ ਹਰ ਥਾਵੇਂ ਅਤੇ ਹਰ ਰੋਜ਼ ਵਾਪਰਦੀਆਂ ਅਸੀਂ ਦੇਖਦੇ ਹਾਂ। ਇਹ ਲਿਖਤ ਸਾਡੇ ਅਜੋਕੇ ਧਾਰਮਿਕ ਭਾਵਨਾ ਤੋਂ ਵਿਰਵੇ ਫੋਕੇ ਜੀਵਨ ਦੀ ਮੂੰਹ-ਬੋਲਦੀ ਤਸਵੀਰ ਹੈ।

'ਬਿਪਰਨ ਕੀ ਰੀਤ' ਤੋਂ ਸਤਿਗੁਰਾਂ ਨੇ ਸਾਨੂੰ ਖ਼ਬਰਦਾਰ ਕਰ ਕੇ ਵਰਜਿਆ ਸੀ, ਪਰ ਅਸੀਂ ਉਸੇ ਖੱਡੇ ਵਿਚ ਡਿਗਦੇ ਜਾ ਰਹੇ ਹਾਂ।

ਧਾਰਮਿਕ ਜੀਵਨ ਵਿਚ ਫੋਕਾ ਵਿਖਾਵਾ, ਆਪਣੀ ਪ੍ਰਸਿਧੀ ਅਤੇ ਚੌਧਰ ਦੀ ਭੁੱਖ ਤੇ ਇਸ ਲਈ ਝੋਲੀ-ਚੁਕੀ ਆਦਿ ਅਉਗਣ ਸਾਡੇ ਨਿਜੀ ਅਤੇ ਕੌਮੀ ਜੀਵਨ ਨੂੰ ਘੁਣ ਵਾਂਗ ਖੋਖਲਾ ਕਰੀ ਜਾ ਰਹੇ ਹਨ।

ਹੋਰ ਤਾਂ ਹੋਰ, ਸ੍ਰੀ ਹਰਿਮੰਦਰ ਸਾਹਿਬ, ਜਿਥੇ ਸਦੀਆਂ ਤੋਂ ਨਾਮ ਬਾਣੀ ਦੇ ਪ੍ਰਵਾਹ ਸਦਕਾ ਵਾਤਾਵਰਣ ਸ਼ਾਂਤ ਅਤੇ ਸਾਤਵਿਕ ਰਹਿੰਦਾ ਹੈ, ਉਥੇ ਵੀ ਕਦੀ ਕਦੀ ਅਜਿਹੀਆਂ ਘਟਨਾਵਾਂ ਵਰਤਦੀਆਂ ਵੇਖੀਆਂ ਜਾਂਦੀਆਂ ਹਨ।

ਸ਼ਾਂਤੀ, ਸੰਜੀਦਗੀ, ਆਪ ਨਿਵਾਰ ਕੇ ਦਾਸਤ ਭਾਇ ਵਿਚ ਵਿਚਰਨਾ ਆਦਿ ਇਹ ਦੈਵੀ ਗੁਣ ਧਾਰਮਿਕ ਜੀਵਨ ਲਈ ਅਤਿ ਲੋੜੀਂਦੇ ਹਨ। (ਸੰਪਾਦਿਕ)

(੧)

ਅੰਗਰੇਜ਼ੀ ਰਾਜ ਸਮੇਂ ਦੱਖਣੀ ਭਾਰਤ ਦੀ ਇਕ ਛਾਉਣੀ ਦੇ ਨਵੇਂ ਆਏ ਅੰਗਰੇਜ਼ ਕਮਾਂਡਰ ਨੇ ਹੁਕਮ ਕੀਤਾ, "ਹਮ ਹਿੰਦੂ, ਮੁਸਲਮਾਨ ਔਰ ਸਿੱਖ ਮਜ਼ਹਬ ਕੀ ਮੁਤਬੱਰਕ (ਪਵਿਤ੍ਰ) ਕਿਤਾਬੋਂ ਕੋ ਦੇਖਨਾ ਮਾਂਗਤਾ ਹੈ। ਕਲ੍ਹ ਸੁਬਹ ਦਸ ਬਜੇ ਹਮਾਰੇ ਦਫਤਰ ਮੇਂ ਇਨ ਕੇ 'ਪਾਦਰੀ' ਲੋਕ ਲੇ ਕਰ ਪੇਸ਼ ਹੋਂ।"

ਅਗਲੇ ਦਿਨ ਨੀਯਤ ਸਮੇਂ, ਮੌਲਵੀ ਜੀ ਮੁਤਬੱਰਕ ਕੁਰਾਨ ਸ਼ਰੀਫ ਕਪੜੇ ਵਿਚ ਲਪੇਟ ਕੇ ਅਤੇ ਪੰਡਤ ਜੀ ਸ੍ਰੀ ਭਾਗਵਤ ਗੀਤਾ ਦੀ ਪਵਿਤ੍ਰ ਪੋਥੀ ਨੂੰ ਸੁਹਣੇ ਜਿਹੇ ਰੁਮਾਲ ਵਿਚ ਲਪੇਟ ਕੇ ਉਪਰ ਫੁੱਲ ਰੱਖ ਕੇ ਸਾਹਬ ਦੇ ਦਫਤਰ ਹਾਜ਼ਰ ਸਨ। ਪਰੰਤੂ ਭਾਈ ਮਹਿਤਾਬ ਸਿੰਘ ਜੀ ਗ੍ਰੰਥੀ, ਖ਼ਾਲੀ ਹੱਥ ਜੋੜ 'ਸਤਿਨਾਮ ਵਾਹਿਗੁਰੂ' ਦਾ ਖ਼ਾਮੋਸ਼ੀ ਨਾਲ ਜਾਪ ਕਰਦੇ ਕੋਲ ਖੜੇ ਸਨ।

ਮੌਲਵੀ ਤੇ ਪੰਡਤ ਜੀ ਤੋਂ ਫਾਰਗ ਹੋ ਕੇ ਭਾਈ ਸਾਹਿਬ ਨੂੰ ਸੰਬੋਧਨ ਕਰਦਿਆਂ ਉਸ ਅੰਗਰੇਜ਼ ਅਫ਼ਸਰ ਨੇ ਕਿਹਾ, "ਤੋ ਆਪ ਅਪਨੀ ਮੁਤਬੱਰਕ ਕਿਤਾਬ ਕਿਉਂ ਨਹੀਂ ਲਾਏ?"

ਭਾਈ ਸਾਹਿਬ ਨੇ ਉੱਤਰ ਦਿਤਾ, "ਜੀ ਉਨ ਕੇ ਦਰਸ਼ਨ ਕੇ ਲੀਏ ਆਪ ਕੋ ਹਮਾਰੇ ਗੁਰਦਵਾਰੇ ਮੇਂ ਹਾਜ਼ਰ ਹੋਨਾ ਹੋਗਾ।"

"ਹਾਜ਼ਰ ਹੋਨਾ ਹੋਗਾ? ਕਿਆ ਬੋਲਤਾ ਹੈ ਯਿਹ ਲੋਗ? ਹਮ ਛਾਉਨੀ ਕਾ ਸਬ ਸੇ ਬੜਾ ਅਫ਼ਸਰ। ਹਮੇਂ ਹਾਜ਼ਰ ਹੋਨਾ ਹੋਗਾ?' ਕ੍ਰੋਧ ਭਰੀ ਹੈਰਾਨੀ ਵਿਚ ਸਾਹਬ ਨੇ ਪੁਛਿਆ। ਤੇ ਫਿਰ ਉਸ ਦੇ ਹਿੰਦੁਸਤਾਨੀ ਰਿਸਾਲਦਾਰ-ਮੇਜਰ ਨੇ ਸਾਹਬ ਨੂੰ ਸਮਝਾ ਦਿਤਾ ਕਿ ਸਿੱਖਾਂ ਦੀ ਧਰਮ ਪੁਸਤਕ ਪ੍ਰਤੱਖ-ਗੁਰੂ ਦੇ ਰੂਪ ਵਿਚ ਇਨ੍ਹਾਂ ਦੇ ਧਰਮ-ਮੰਦਰਾਂ ਵਿਚ ਸਜਾਈ ਹੁੰਦੀ ਹੈ। ਤੁਹਾਨੂੰ ਦਰਸ਼ਨ ਕਰਨ ਲਈ ਉਥੇ ਹੀ ਜਾਣਾ ਪਵੇਗਾ।

ਇਸ ਤਰ੍ਹਾਂ ਆਉਂਦੇ ਐਤਵਾਰ ਸਵੇਰੇ ਅਠ ਵਜੇ ਸਾਹਬ ਨੇ ਗੁਰਦੁਆਰੇ ਜਾ ਕੇ ਦਰਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਪ੍ਰੋਗਰਾਮ ਅਨੁਸਾਰ ਉਹ ਅੰਗਰੇਜ਼ ਅਫਸਰ ਗੁਰਦੁਆਰੇ ਪੁਜ ਗਿਆ। ਗੁਰਦੁਆਰਾ ਖਚਾ-ਖਚ ਭਰਿਆ ਹੋਇਆ ਸੀ। ਅਤਿ ਸੁੰਦਰ ਤੇ ਸਵੱਛ ਚਾਂਦਨੀ ਥੱਲੇ ਪਾਲਕੀ ਵਿਚ ਮਹਾਰਾਜ ਜੀ ਦਾ ਪ੍ਰਕਾਸ਼ ਸੀ। ਉਦੋਂ ਗ੍ਰੰਥੀ ਸਾਹਿਬ ਆਪਣੇ ਪ੍ਰਭਾਵਸ਼ਾਲੀ ਗੁਰਮੁਖ ਰੂਪ ਵਿਚ ਤਾਬੇ ਬੈਠ ਕੇ ਚੌਰ ਝੁਲਾ ਰਹੇ ਸਨ।



www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਦੀ ਨਿਰਾਲੀ ਸ਼ਾਨ ਅਤੇ ਕੀਰਤਨ ਵਿਚ ਜੁੜੀ ਸੰਗਤ ਦੇ ਪ੍ਰਭਾਵ ਨਾਲ, ਅੰਗਰੇਜ਼ ਅਫਸਰ ਨੂੰ ਆਪਣੀ ਅਫਸਰੀ ਦਾ ਅਹਿਸਾਸ ਹੀ ਨਾ ਰਿਹਾ। ਉਸ ਦੇ ਸਹਾਇਕ ਸਾਥੀਆਂ ਨੇ ਉਸ ਦੀ ਅਗਵਾਈ ਕੀਤੀ। ਇਕ ਪਰੇਮੀ ਸਿੱਖ ਜਮਾਦਾਰ (ਨਾਇਬ ਸੂਬੇਦਾਰ) ਸੁਰੈਣ ਸਿੰਘ ਨੇ ਸੰਗਤ ਵਲੋਂ ਬਾਹਰ ਆ ਕੇ ਸਾਹਬ ਨੂੰ ਗੁਰਦੁਆਰੇ ਆਉਣ ਤੇ ਜੀ ਆਇਆਂ ਕਿਹਾ। ਆਪਣੇ ਬੂਟ ਉਤਾਰ ਹੱਥ ਸਾਫ ਕਰ, ਉਹ ਰੱਬੀ ਪ੍ਰਭਾਵ ਨਾਲ ਜਿਵੇਂ ਕੇਵਲ ਪ੍ਰੇਰਿਆ ਹੀ ਨਹੀਂ ਗਿਆ, ਸਗੋਂ ਮੁਗਧ ਜਿਹਾ ਹੋਇਆ ਇਕ ਪਾਸੇ ਬੈਠ ਗਿਆ। ਕੀਰਤਨ ਉਸੇ ਤਰ੍ਹਾਂ ਜਾਰੀ ਰਿਹਾ। ਵਾਤਾਵਰਣ ਦੀ ਪਵਿਤਰਤਾ ਤੇ ਪ੍ਰੇਮ ਦੀ ਲੈ ਵਿਚ ਜਿਵੇਂ ਉਸ ਦਾ ਮਨ ਮਸਤ ਹੋ ਗਿਆ ਹੋਵੇ। ਸ਼ਬਦਾਂ ਦਾ ਭਾਵ-ਅਰਥ ਨਾ ਸਮਝਦਾ ਹੋਇਆ ਵੀ ਉਹ ਕੀਰਤਨ ਦੇ ਰਸ ਵਿਚ ਰੱਬ ਦਾ ਰੂਪ ਹੋਈ ਸੰਗਤ ਦਾ ਅੰਗ ਬਣ ਗਿਆ। ਹੁਣ ਉਹ ਕਮਾਂਡਿੰਗ ਅਫਸਰ ਦੀ ਥਾਂ ਗੁਰੂ ਦੇ ਦਰਬਾਰ ਵਿਚ ਬੈਠਾ ਇਕ ਸਾਧਾਰਨ ਸੀ। ਇਸ ਤਰ੍ਹਾਂ ਦਾ ਆਨੰਦ ਉਸ ਨੇ ਪਹਿਲਾਂ ਕਦੀ ਨਹੀਂ ਸੀ ਮਾਣਿਆ। ਲਗ ਪਗ ਪੰਦਰਾਂ ਮਿੰਟਾਂ ਮਗਰੋਂ ਉਹ ਬੋਲਿਆ। ਸਤਿਕਾਰ ਨਾਲ ਉਸ ਦਾ ਸਿਰ ਝੁਕ ਗਿਆ।

ਉਹੋ ਜਮਾਦਾਰ ਸੁਰੈਣ ਸਿੰਘ ਉਸ ਨੂੰ ਬਾਹਿਰ ਵਿਦਾ ਕਰ ਆਇਆ ਤੇ ਵਾਪਸ ਆ ਕੇ ਆਪ ਕੀਰਤਨ ਵਿਚ ਜੁੜ ਬੈਠਾ। ਕਿਸੇ 'ਪ੍ਰਧਾਨ' ਨੇ ਉਸ ਤੇ ਗਲ ਵਿਚ ਹਾਰ ਨਹੀਂ ਪਾਏ, ਸੈਕਟਰੀ ਨੇ ਕੀਰਤਨ ਬੰਦ ਕਰਵਾ ਕੇ ਉਸ ਦੀ ਪ੍ਰਸੰਸਾ ਨਹੀਂ ਕੀਤੀ। ਕਿਸੇ ਅਖੌਤੀ ਗੁਰਮੁਖ ਪਿਆਰੇ ਨੇ ਉਸ ਨੂੰ 'ਸਰੋਪਾ' ਨਹੀਂ ਨਹੀਂ ਦਿਤਾ। ਕੋਈ ਜੈਕਾਰੇ ਨਹੀਂ ਗਜਾਏ ਗਏ। ਗ੍ਰੰਥੀ ਜੀ ਲਗਾਤਾਰ ਗੁਰੂ ਮਹਾਰਾਜ ਦੀ ਤਾਬੇ ਬੈਠੇ ਰਹੇ। ਸੰਗਤ ਵਿਚ ਕੋਈ ਹਿਲਜੁਲ ਨਹੀਂ ਹੋਈ। ਫ਼ੋਟੋਕੈਮਰਾ ਉਦੋਂ ਹਾਲਾਂ ਟਾਵਾਂ ਟਾਵਾਂ ਹੀ ਵੇਖਣ ਵਿਚ ਆਉਂਦਾ ਹੁੰਦਾ ਸੀ। ਕੋਈ ਤਸਵੀਰ ਨਹੀਂ ਲਈ ਗਈ।

**ਗੁਰੂ ਹਾਜ਼ਰ ਸੀ। ਪ੍ਰਤੱਖ ਸੀ। ਸੰਗਤ ਅਦਬ ਸਤਿਕਾਰ ਵਿਚ ਸਰਬ ਸਾਵਧਾਨ ਸੀ।** ਪ੍ਰੇਮ ਤੋਂ ਬਗੈਰ ਕਿਸੇ ਨੂੰ ਕੋਈ ਗਰਜ਼ ਨਹੀਂ ਸੀ। ਉਸ ਅੰਗਰੇਜ਼ ਅਫਸਰ ਨੇ ਅਗਲੇ ਦਿਨ ਸਿੱਖਾਂ ਦੇ ਗੁਰੂ ਅਤੇ ਪ੍ਰਾਰਥਨਾ-ਢੰਗ ਬਾਰੇ ਕਿਹਾ :—

'ਜੋ ਲੋਗ ਅਪਨੇ ਗੁਰੂ ਕਾ ਐਸਾ ਅਦਬ (ਆਦਰ-ਸਤਿਕਾਰ) ਕਰਤੇ ਹੈਂ ਵਹੁ ਸਚ-ਮੁਚ ਖ਼ੁਦਾ ਕੇ ਬੰਦੇ ਹੈਂ। ਉਨ ਕਾ ਗੁਰੂ ਬਹੁਤ ਬੜਾ (ਉਚਾ, ਮਹਾਨ) ਹੈ, ਸੱਚਾ ਹੈ। ਐਸੀ ਕੌਮ ਸੱਚ-ਮੁਚ ਪਿਆਰ ਔਰ ਸਤਿਕਾਰ ਕੇ ਕਾਬਲ ਹੈ।'

ਤੇ ਉਹ ਅੰਗਰੇਜ਼ ਜਦ ਤਕ ਉਸ ਛਾਉਣੀ ਵਿਚ ਰਿਹਾ, ਮਹੀਨੇ 'ਚ ਇਕ ਵਾਰ ਗੁਰਦੁਆਰੇ ਜ਼ਰੂਰ ਹਾਜ਼ਰ ਹੁੰਦਾ ਤੇ ਗੁਰਮੁਖ ਗ੍ਰੰਥੀ ਭਾਈ ਮਹਿਤਾਬ ਸਿੰਘ ਜੀ ਤੋਂ ਗੁਰੂ ਦੀ ਅਸੀਸ ਲੈਂਦਾ ਰਿਹਾ।

(੨)

ਅੱਜ ਸਮਾਂ ਬਦਲ ਗਿਐ। ਸਾਡਾ ਦੇਸ਼ ਆਜ਼ਾਦ ਹੈ। ਪਿਛਲੇ ੩੩ ਸਾਲਾਂ ਤੋਂ ਅਸੀਂ ਇਕ ਆਜ਼ਾਦ ਦੇਸ਼ ਦੇ ਸ਼ਹਿਰੀ ਅਖਵਾਉਂਦੇ ਚਲੇ ਆ ਰਹੇ। ਗੁਰਪੁਰਬ ਆਜ਼ਾਦੀ ਨਾਲ ਮਨਾਉਂਦੇ ਹਾਂ।

ਪਿਛੇ ਜਿਹੇ ਪੰਜਾਬ ਦੇ ਇਕ ਸ਼ਹਿਰ ਦੇ ਵਡੇ ਗੁਰਦੁਆਰੇ ਵਿਚ ਗੁਰਪੁਰਬ ਮਨਾਇਆ ਜਾ ਰਿਹਾ ਸੀ। ਬੜੀ ਕੋਸ਼ਿਸ਼ ਮਗਰੋਂ ਇਕ ਸਰਕਾਰੀ 'ਮਹਾਂ ਪੁਰਸ਼' ਨੇ ਆਪਣੇ ਕੀਮਤੀ ਵਕਤ ਵਿਚੋਂ ਥੋੜਾ ਸਮਾਂ ਕਢ ਕੇ ਗੁਰਦੁਆਰੇ 'ਦਰਸ਼ਨ ਦੇਣਾ' ਮੰਨ ਲਿਆ ਸੀ।

ਪ੍ਰੋਗਰਾਮ ਦੇ ਇਸ਼ਤਿਹਾਰਾਂ ਵਿਚ ਇਸ ਦੀ ਉਚੇਚੀ ਚਰਚਾ ਵੀ ਛਾਪੀ ਗਈ। 'ਪ੍ਰਧਾਨ', 'ਸਕੱਤਰ' ਤੇ ਹੋਰ ਪ੍ਰਮੁਖ ਪ੍ਰਬੰਧਕਾਂ ਵਿਚ ਡਿਊਟੀਆਂ ਵੰਡੀਆਂ ਜਾ ਰਹੀਆਂ ਸਨ। ਕੌਣ ਅੱਗੇ ਲੈਣ ਜਾਏਗਾ? ਉਨ੍ਹਾਂ ਦੀ ਗੱਡੀ ਕਿਤੇ ਖੜੀ ਹੋਵੇਗੀ? ਹਾਰ ਕੌਣ ਪਾਏਗਾ? ਫੋਟੋ ਕਿਤਨੀਆਂ ਲਈਆਂ ਜਾਣਗੀਆਂ? ਜੈਕਾਰੇ ਕਿਸ ਵੇਲੇ ਗਜਾਏ ਜਾਣਗੇ? ਸਰੋਪਾ ਕਿਸ ਸ਼ਕਲ ਵਿਚ ਹੋਣਾ ਚਾਹੀਦਾ ਹੈ? ਕੌਣ ਮਾਨ-ਪੱਤ੍ਰ ਪੜ੍ਹੇਗਾ? ਆਦਿ...।



www.AKJ.Org

ਇਸ ਸਾਰੇ 'ਸਨਮਾਨ' ਵੰਡਣ ਵਿਚ ਗਰਮਾ-ਗਰਮੀ ਵੀ ਹੋ ਗਈ, ਕਿਉਂਕਿ ਕਈ 'ਸਰਕਰਦੇ ਪ੍ਰਬੰਧਕ' ਇਹਨਾਂ ਜ਼ਰੂਰੀ ਡਿਊਟੀਆਂ ਵਿਚੋਂ ਕੋਈ ਨ ਕੋਈ 'ਸੇਵਾ' ਜ਼ਰੂਰ ਲੈਣਾ ਚਾਹੁੰਦੇ ਸਨ।

ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਹਾਜ਼ਰ ਹੋਣ ਵਾਲੇ ਇਸ 'ਸਰਕਾਰੀ ਮਹਿਮਾਨ' ਦੇ ਆਉਣ ਦੇ ਮੌਕੇ ਉਤੇ ਪ੍ਰਬੰਧਕਾਂ ਨੇ ਗੁਰੂ ਦਰਬਾਰ ਦੀਆਂ ਅਧਿਆਤਮਕ ਲੋੜਾਂ, ਕੀਰਤਨ, ਪਾਠ, ਲੰਗਰ ਆਦਿ ਨੂੰ ਪਿਛੇ ਪਾ ਦਿਤਾ।

ਗੁਰਪੁਰਬ ਵਾਲੇ ਦਿਨ ਦੋ ਦਰਜਨ ਪ੍ਰਬੰਧਕ ਹਾਰ ਲੈ ਕੇ ਗੁਰਦੁਆਰੇ ਦੇ ਗੇਟ ਉਤੇ ਉਡੀਕ ਰਹੇ ਸਨ। ਅੰਦਰ ਦੀਵਾਨ ਵਿਚ ਕੀਰਤਨ ਹੋ ਰਿਹਾ ਸੀ। ਧਿਆਨ ਸਭ ਦੇ ਬਾਹਰ ਹੋਏ ਇਕੱਠ ਉਤੇ ਸੀ। ਕਈ ਨਵੇਂ ਆਏ ਸ਼ਰਧਾਲੂ ਵੀ ਅੰਦਰ ਆਉਣ ਦੀ ਥਾਂ ਤਮਾਸ਼ਬੀਨ ਤੇ ਫ਼ੋਟੂ ਖਿਚਵਾਉਣ ਦੇ ਸ਼ੌਕ ਵਿਚ ਬਾਹਰ ਹੀ ਖੜੇ ਸਨ। ਕੀਰਤਨੀ ਸਿੰਘ ਵੀ ਉਪਰਾਮ ਹੋਣ ਲਗੇ, ਮਾਇਆ ਦੀਆਂ ਅਰਦਾਸਾਂ ਦਾ ਜ਼ੋਰ ਘਟ ਗਿਆ ਸੀ।

ਬਦਕਿਸਮਤੀ ਨਾਲ ਸਰਕਾਰੀ ਮਹਿਮਾਨ ਨੀਅਤ ਸਮੇਂ ਤੋਂ ਘੰਟਾ ਲੇਟ ਹੋ ਗਿਆ, ਜਿਸ ਕਾਰਨ ਪ੍ਰਬੰਧਕ ਤੇ ਕ੍ਰਮਚਾਰੀ ਬੜੇ ਉਪਰਾਮ ਹੋ ਗਏ।

ਵਿਚੋਂ ਇਕ ਨੇ ਗ੍ਰੰਥੀ ਜੀ ਨੂੰ ਜਾ ਕੇ ਕਿਹਾ ਕਿ ਇਨ੍ਹਾਂ (ਰਾਗੀਆਂ) ਨੂੰ ਕਹੋ, ਜ਼ਰਾ ਦੋ ਸ਼ਬਦ ਹੋਰ ਪੜ੍ਹ ਲੈਣ।

ਹੁਣ ਤਕ ਗ੍ਰੰਥੀ ਜੀ ਵੀ ਮਹਾਰਾਜ ਦੀ ਤਾਬਿਆ ਤੋਂ ਉਠ ਕੇ ਹੇਠਾਂ ਆ ਗਏ, ਜਿਥੇ ਫ਼ੋਟੂ ਲਏ ਜਾਣ ਦੀ ਵਧੇਰੇ ਸੰਭਾਵਨਾ ਸੀ।

ਵੈਸੇ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਸੀ।

**ਗੁਰੂ ਹਾਜ਼ਰ ਸੀ, ਪਰੰਤੂ ਗ੍ਰੰਥੀ, ਕੀਰਤਨੀਏ, ਪ੍ਰਬੰਧਕ ਤੇ ਸੰਗਤ ਵਿਚੋਂ ਵੀ ਬਹੁਤੇ ਮਾਨਸਿਕ ਤੌਰ ਤੇ ਗ਼ੈਰ-ਹਾਜ਼ਰ ਸਨ।**

ਸਰਬ ਸ਼ਕਤੀਮਾਨ ਗੁਰੂ ਨੇ ਇਕ ਕੌਤਕ ਵਰਤਾਇਆ। ਸਰਕਾਰੀ ਮਹਿਮਾਨ ਦੇ ਗੁਰਮੁਖ ਵਡੇ ਭਰਾ ਜੀ ਨੇ ਉਸ ਨੂੰ ਘਰੋਂ ਤੁਰਨ ਲਗਿਆਂ ਚੰਗੀ ਤਰ੍ਹਾਂ ਤਾੜਨਾ ਕਰਦਿਆਂ ਸਮਝਾ ਦਿਤਾ। ਵੇਖੀਂ ! ਸੰਗਤ ਅਤੇ ਗੁਰੂ ਦਰਬਾਰ ਵਿਚ ਸ਼ਾਨ-ਸ਼ੌਕਤ ਨਾਲ ਨ ਜਾਈਂ। ਜਿਸ ਦਰਬਾਰ ਦੀ ਸੰਗਤ ਦੇ ਸਰ ਸੁੰਦਰ ਸਿੰਘ ਮਜੀਠੀਆ ਤੇ ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਰਗੇ ਮਹਾਨ ਆਗੂ ਜੋੜੇ ਝਾੜਨਾ ਆਪਣਾ ਮਾਣ ਸਮਝਦੇ ਸਨ, ਉਸ ਦਰਬਾਰ ਵਿਚ ਸਤਿਕਾਰ ਤੇ ਨਿਮਰਤਾ ਨਾਲ ਹੀ ਜਾਣਾ ਸ਼ੋਭਦਾ ਹੈ......ਆਦਿ।

'ਸਰਕਾਰੀ ਮਹਿਮਾਨ' ਗੁਰਮੁਖ-ਤਾਈ ਵਲ ਪ੍ਰੇਰਿਆ ਗਿਆ। ਉਹ ਚੁਪ-ਚੁਪੀਤਾ ਪਿਛਲੇ ਦਰਵਾਜ਼ਿਓਂ ਜਾ ਕੇ ਗੁਰੂ ਮਹਾਰਾਜ ਦੇ ਹਜ਼ੂਰ ਇਕੱਲਾ ਹੀ ਬੇ-ਮਲੂਮਾ ਮੱਥਾ ਟੇਕ ਕੇ ਸੰਗਤ ਵਿਚ ਜਾ ਬੈਠਾ।

ਪ੍ਰਬੰਧਕਾਂ ਨੂੰ ਬਦਲੇ ਹੋਏ ਪ੍ਰੋਗਰਾਮ ਬਾਰੇ ਖਬਰ ਪਹੁੰਚਾਉਣ ਲਈ ਉਸ ਨੇ ਆਪਣਾ ਇਕ ਬੰਦਾ ਆਪਣੀ ਹੀ ਕਾਰ ਵਿਚ ਨੀਅਤ ਥਾਂ ਉਤੇ ਭੇਜ ਦਿਤਾ। ਕਾਰ ਦੇ ਪੁਜਣ ਸਾਰ ਪ੍ਰਬੰਧਕ ਜਨ ਉਸ ਵਲ ਦੌੜੇ। ਕਾਰ ਵਿਚੋਂ ਇਕ ਸਾਧਾਰਨ ਗੁਰਸਿੱਖ ਬਾਹਰ ਨਿਕਲ ਕੇ ਮੁਖ ਮਹਿਮਾਨ ਦਾ ਨਵਾਂ ਪ੍ਰੋਗਰਾਮ ਦਸਣ ਲਗਾ।

ਬਹੁਤੇ ਕਾਹਲੇ ਤੇ 'ਅਗਾਂਹ-ਵਧੂ' ਪ੍ਰਬੰਧਕਾਂ ਵਿਚੋਂ ਕਈਆਂ ਨੇ ਪਹਿਲ ਕਰਨ ਲਈ ਪਿਛੋਂ ਦੀ ਆ ਕੇ ਉਸੇ ਨੂੰ ਹੀ ਹਾਰ ਪਾ ਦਿਤੇ। ਗ਼ਲਤੀ ਨਾਲ ਕੁਝ ਤਸਵੀਰਾਂ ਵੀ ਉਤਰ ਗਈਆਂ ਤੇ ਨਾਟਕ ਖ਼ਤਮ ਹੋ ਗਿਆ।

ਹੁਣ ਗ੍ਰੰਥੀ ਜੀ ਮੁੜ ਤਾਬਿਆ ਜਾ ਬੈਠੇ, ਕੀਰਤਨ ਫਿਰ ਹੋਣ ਲਗ ਪਿਆ।

ਆਪਣੇ ਭਰਾ ਵਲੋਂ ਸਾਵਧਾਨ ਕੀਤਾ ਜਾ ਚੁਕਾ 'ਸਰਕਾਰੀ ਮਹਿਮਾਨ' ਪਿਛੇ ਬੈਠਾ ਰਿਹਾ। ਅਧਾ ਕੁ ਘੰਟਾ ਕੀਰਤਨ ਸੁਣਨ ਮਗਰੋਂ ਉਸ ਮੱਥਾ ਟੇਕਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਚੋਖੀ ਮਾਇਆ ਭੇਟ ਕੀਤੀ ਤੇ ਚੁਪ ਚੁਪੀਤਾ ਚਲਾ ਗਿਆ।



www.AKJ.Org

# ਕੁਮਾਰ ਹੱਟੀ ਕਿ ਕਰਤਾਰ ਹੱਟੀ ?

ਕੁਮਾਰ ਹੱਟੀ ਸਮਾਗਮ ੧੨, ੧੩, ੧੪ ਜੂਨ ਤੇ ਹਾਜ਼ਰੀਆਂ ਭਰਨ ਅਤੇ ਨਾਮ-ਬਾਣੀ ਦੇ ਸੱਚੇ ਸੁੱਚੇ ਲਾਹੇ ਮਾਨਣ ਲਈ ਗੁਰੂ ਕੇ ਲਾਲਾਂ ਨੇ ੧੧ ਜੂਨ ਨੂੰ ਹੀ ਕੁਮਾਰ ਹੱਟੀ ਵੱਲ ਡਾਰਾਂ ਬੰਨ੍ਹ ਲਈਆਂ। ਸ਼ਾਮ ਤੱਕ ਉੱਥੇ ਗਹਿਮਾ ਗਹਿਮ ਹੋ ਗਈ। ਸ਼ਾਮ ਦੇ ਕੀਰਤਨ ਅਤੇ ਸੋਦਰ ਦੀ ਚੌਂਕੀ ਨੇ ਪਹਾੜ ਦੀ ਟੀਸੀ ਤੇ ਅਦੁਤੀ ਰੰਗ ਲਾਏ। ੧੨ ਤ੍ਰੀਕ ਨੂੰ ਅੱਧੀ ਰਾਤ ਬੀਤਦਿਆਂ ਸਾਰ ਹੀ ਅਕਾਲੀ ਫੌਜਾਂ ਉਠ ਖਲੋਤੀਆਂ। ਜੰਗਲ ਪਾਣੀ ਅਤੇ ਇਸ਼ਨਾਨ ਤੋਂ ਛੇਤੀ ਛੇਤੀ ਫ਼ਾਰਗ ਹੋ ਕੇ ਪਹਾੜ ਦੇ ਸਿਰ ਤੇ ਗੁਰੂ ਕੇ ਲਾਲ ਸਮਾਧੀ-ਸਥਿਰ ਹੋ ਗਏ, ਅਤੇ ਅਕਾਸ਼-ਮੁਖੀ ਹੋ ਕੇ ਲੱਗੇ ਕੇਸੋ ਕੇਸੋ ਕੂਕਣ। ਐਸੀ ਨਾਮ ਦੀ ਗੁੰਜਾਰ ਅਕਾਸ਼ ਵਿਚ ਪੈਣੀ ਸ਼ੁਰੂ ਹੋਈ ਅਤੇ ਐਸਾ ਅਨੰਦ ਬੱਝਾ ਜਿਸ ਦਾ ਵਰਨਣ ਅਕੱਥ ਹੈ। ਇਹ ਨਾਮ-ਰਸੀ ਝੁਨਕਾਰ ਤਕਰੀਬਨ ਤਿੰਨ ਵਜੇ ਤੱਕ ਚੱਲ ਸੋ ਚੱਲ ਰਹੀ। ਫਿਰ ਨਿੱਤਨੇਮ ਦੇ ਰੰਗ ਸੁਖਮਨੀ ਸਾਹਿਬ ਜੀ ਦੇ ਪਾਠ ਸਮੇਤ ਅਰੰਭ ਹੋ ਗਏ। ਉਪਰੰਤ ਆਸਾ ਦੀ ਵਾਰ ਦੇ ਕੀਰਤਨ ਵਿਚ ਨਾਮ ਬਾਣੀ ਦੀਆਂ ਛਹਿਬਰਾਂ ਨੇ ਆਪਣੀ ਵਰਖਾ ਲਾ ਦਿਤੀ। ਕੀਰਤਨ ਕਰਨਹਾਰੇ ਅਤੇ ਸੁਨਣਹਾਰੇ ਨੇਤਰ ਮੁੰਦੀ ਆਤਮਕ ਅਨੰਦੀ ਹੁਲਾਰਿਆਂ ਵਿੱਚ ਰੀਝ ਰੀਝ ਕੇ ਝੂਮ ਰਹੇ ਸਨ। ੯ ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋ ਗਏ।

ਅੰਮ੍ਰਿਤ ਵੇਲੇ ਦੀਆਂ ਨਾਮ-ਅਭਿਆਸੀ ਕੂਕ ਪੁਕਾਰਾਂ, ਇਕੱਠਾ ਨਿਤਨੇਮ, ਅਦੁੱਤੀ ਕੀਰਤਨ ਅਤੇ ਸ੍ਰੀ ਅਖੰਡ ਪਾਠ ਸਾਹਿਬ ਨੇ ਤਿੰਨ ਦਿਨ ਉਹ ਅਨੰਦ ਬੰਨ੍ਹਿਆ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਮੇਂ ਦੀ ਯਾਦ ਮੁੜ ਤਾਜ਼ਾ ਹੋ ਗਈ। ਸੱਚ ਮੁੱਚ ਹੀ ਕੁਮਾਰ-ਹੱਟੀ ਕਰਤਾਰ-ਹੱਟੀ ਬਣ ਗਈ। ਇਸ ਅਦੁੱਤੀ ਸਮਾਗਮ ਤੋਂ ਉਤਪੰਨ ਹੋਏ ਅਨੰਦ ਨੇ ਮਜਬੂਰ ਕੀਤਾ ਕਿ ਭਾਈ ਆਤਮਾ ਸਿੰਘ ਜੀ ਨੂੰ ਬੇਨਤੀ ਕੀਤੀ ਜਾਏ ਕਿ ਅਗਲੇ ਸਾਲ ਤੋਂ ਉਹ ਇਸ ਸਮਾਗਮ ਨੂੰ ਤਿੰਨ ਦਿਨਾਂ ਤੋਂ ਵਧੇਰੇ ਸਮੇਂ ਲਈ ਕਰਿਆ ਕਰਨ। ਕੀਰਤਨੀਏ ਸਿੰਘਾਂ ਅਤੇ ਬੀਬੀਆਂ ਨੂੰ ਇਸ ਸਮਾਗਮ ਵਿੱਚ ਕੀਰਤਨ ਕਰਨ ਦਾ ਰਜਵਾਂ ਸਮਾ ਨਾ ਮਿਲ ਸਕਿਆ। ਕੀਰਤਨੀਆਂ ਦੇ ਮਨ ਦੀ ਬੇਹਬਲਤਾ ਅਤੇ ਹੋਰ ਕੀਰਤਨ ਕਰਨ ਦੀ ਭੁੱਖ ਉਨ੍ਹਾਂ ਦੇ ਕੀਰਤਨ ਤੋਂ ਹੀ ਸਪੱਸ਼ਟ ਸੀ। ਨਾਮ ਅਭਿਆਸ ਸਮੇਂ ਦ ਰੰਗ ਅਜਿਹੇ ਬਝਦੇ ਰਹੇ ਕਿ ਇਲਾਹੀ ਕੂਕ-ਪੁਕਾਰ ਤੋਂ ਹਟਣ ਨੂੰ ਜੀਅ ਹੀ ਨਾ ਕਰਨਾ। ਗੱਲ ਕੀ, ਉਸ ਪਹਾੜ ਤੇ ਤਿੰਨ ਦਿਨ ਅਸਲੀ ਅਰਥਾਂ ਵਿਚ, ਖਾਲਸੇ ਦਾ ਹੀ ਰਾਜ ਰਿਹਾ। ਕਾਸ਼! ਕਿ ਅਜਿਹਾ ਰਾਜ ਹਮੇਸ਼ਾ ਬਣਿਆ ਰਹੇ!

ਖਾਲਸਾ ਜੀ ਦਾ ਸੇਵਕ—ਰਾਮ ਸਿੰਘ

---

# ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਪ੍ਰੋਗਰਾਮ

੧੯੭੮ ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਹਰ ਮੰਗਲ-ਵਾਰ ਸ਼ਾਮ ਨੂੰ ਪਿੰਡਾਂ ਵਿਚ ਹੋ ਰਹੇ ਸਮਾਗਮਾਂ ਦਾ ਵੇਰਵਾ :—

੭ ਜੁਲਾਈ ਗੁ: ਸਾਹਿਬ ਪਿੰਡ ਈਸੜੂ ਨੇੜੇ ਖੰਨਾ, ੧੪ ਜੁਲਾਈ ਗੁ: ਸਾਹਿਬ ਪਿੰਡ ਹਿਧੋਵਾਲ (ਮੁਲਾਂ ਪੁਰ-ਰਾਏਕੋਟ ਰੋਡ), ੨੧ ਜੁਲਾਈ ਗੁ: ਸਾਹਿਬ ਪਿੰਡ ਸੇਹ ਨੇੜੇ ਖੰਨਾ, ੨੮ ਜੁਲਾਈ ਗੁ: ਸਾਹਿਬ ਪਿੰਡ ਬਰਮਾਲੀਪੁਰ ਨੇੜੇ ਦੋਰਾਹਾ।

ਦਾਸਰਾ—ਦਰਸ਼ਨ ਸਿੰਘ (ਡਾਕਟਰ) ੮/੯ ਪੀ.ਏ.ਯੂ., ਲੁਧਿਆਣਾ

# ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਰਹਿ ਗਏ ਬਸਤਰ

੧੯੮੧ ਦੀ ਵੈਸਾਖੀ ਸਮਾਗਮ ਸਮੇਂ ਸੰਗਤਾਂ ਦੇ ਹੇਠ ਲਿਖੇ ਰਹਿ ਗਏ ਬਸਤਰ ਸਾਨੂੰ ਮਿਲੇ ਹਨ। ਜਿਨ੍ਹਾਂ ਦੇ ਹੋਣ, ਲੈਣ ਦਾ ਜਤਨ ਕਰਨ—

ਬੂਰ ਵਾਲੇ ਤੋਲੀਏ ੨, ਜ਼ਨਾਨੇ ਰੰਗਦਾਰ ਕਛਹਿਰੇ ੨, ਮਰਦਾਵਾਂ ਸਫ਼ੈਦ ਕਛਹਿਰਾ ੧, ਬੁਨੈਣ ਮਰਦਾਵੀਂ ੧, ਬੁਸ਼-ਸ਼ਰਟ ੧, ਫ਼ਰਾਕ ਬੱਚੇ ਦੀ ੧।



www.AKJ.Org

# ਪ੍ਰੇਮਾ ਭੈ-ਭਾਵਨੀ ਅੰਦਰਿ

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਚੌਰ ਸਾਹਿਬ ਦੀ ਸੇਵਾ ਤਾਬਿਆ ਬੈਠਾ ਗੁਰਸਿੱਖ ਹੀ ਕਰੇ।
2. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਚਲਾਈ ਹੋਈ ਮਰਯਾਦਾ ਨੂੰ ਮੁਖ ਰੱਖਦਿਆਂ ਹੋਇਆਂ, ਗੁਰੂ ਜੀ ਦੀ ਤਾਬਿਆ ਬੈਠੇ ਹੋਏ ਵਿਅਕਤੀ ਨੂੰ ਚੌਰ ਦੀ ਸੇਵਾ ਕਰਦੇ ਹੀ ਰਹਿਣਾ ਚਾਹੀਦਾ ਹੈ। ਚੌਰ ਨੂੰ ਇਕ ਪਾਸੇ ਰੱਖ ਕੇ, ਗੁਰੂ ਜੀ ਦੀ ਤਾਬਿਆ ਬੈਠੇ ਰਹਿਣਾ ਜਾਂ ਪਾਠ ਹੀ ਕਰੀ ਜਾਣਾ **ਗੁਰੂ-ਜੀ-ਲਈ-ਘੱਟ-ਸਤਿਕਾਰ** ਦਾ ਸੂਚਕ ਹੈ।
3. ਦਰਸ਼ਨੀ ਰੁਮਾਲਾ, ਗੁਰੂ ਸਾਹਿਬ ਜੀ ਦੇ ਪੱਤਰਿਆਂ ਵਿਚ ਹੀ ਟੁੰਗੇ ਜਾਣ ਨਾਲ, ਪੱਤਰਿਆਂ ਦੇ ਕੋਨੇ ਮੁੜ ਅਤੇ ਭੁਰ ਜਾਂਦੇ ਹਨ। ਇੰਞ ਨਹੀਂ ਕਰਨਾ ਚਾਹੀਦਾ।
4. ਦਰਸ਼ਨੀ ਰੁਮਾਲੇ ਘਟੋ ਘਟ ਦੋ ਅਤੇ ਸਾਫ਼ ਸੁਥਰੇ ਹੋਣੇ ਚਾਹੀਦੇ ਹਨ।
5. ਗੁਰੂ ਸਾਹਿਬ ਦੀ ਦੇਹ ਨੂੰ ਸੰਤੋਖਣ (ਲਪੇਟਣ) ਵਾਲੇ ਰੁਮਾਲੇ ਸਾਫ-ਸੁਥਰੇ ਸਫੇਦ ਹੋਣੇ ਚਾਹੀਦੇ ਹਨ, ਜਿਨ੍ਹਾਂ ਨੂੰ ਦੂਜੇ ਚੌਥੇ ਧੋ ਕੇ ਸਾਫ਼ ਕਰਨਾ ਸਾਡਾ ਜ਼ਰੂਰੀ ਫ਼ਰਜ਼ ਹੈ।
6. ਜ਼ਖਮੀ ਪੱਤਰਿਆਂ ਦੀ ਸੇਵਾ ਜਲਦੀ ਤੋਂ ਜਲਦੀ ਕਰਨੀ ਚਾਹੀਦੀ ਹੈ।
7. ਪੱਤਰਾ ਬੜੇ ਧਿਆਨ ਨਾਲ ਉਥੱਲਣਾ ਚਾਹੀਦਾ ਹੈ, ਤਾਂ ਜੁ ਪੱਤਰੇ ਨੂੰ ਨਾ ਤਾਂ ਭਾਨ ਹੀ ਪੈ ਜਾਏ ਅਤੇ ਨਾ ਫਟ ਜਾਏ।
8. ਸਹਿਜ ਪਾਠ ਕਰਨ ਵਾਲੇ ਪ੍ਰੇਮੀ ਗੁਰੂ ਸਾਹਿਬ ਜੀ ਦੇ ਸਰੂਪ ਵਿਚ, ਨਿਸ਼ਾਨੀ ਦੇ ਤੌਰ ਤੇ ਕਾਗਜ਼ ਦੀ ਪਰਚੀ ਰਖ ਦੇਂਦੇ ਹਨ। ਇੰਞ ਨਹੀਂ ਕਰਨਾ ਚਾਹੀਦਾ। ਆਪਣੀ ਕਾਪੀ ਜਾਂ ਡਾਇਰੀ ਵਿੱਚ ਪਾਠ ਵਾਲਾ ਅੰਕ ਲਿਖ ਲੈਣਾ ਚਾਹੀਦਾ ਹੈ।
9. ਪਾਲਕੀ ਵਿੱਚ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਕਰਨ ਵਾਲੇ ਪ੍ਰੇਮੀਆਂ ਨੂੰ ਪਾਲਕੀ ਦੇ ਅੰਦਰ ਅਤੇ ਉੱਪਰ ਭੀ ਚੰਦੋਆ ਲਾਉਣਾ ਚਾਹੀਦਾ ਹੈ।
10. ਸਹਿਜ ਪਾਠ, ਸ੍ਰੀ ਅਖੰਡਪਾਠ ਸਾਹਿਬ, ਅੰਮ੍ਰਿਤ-ਸਿੰਚਾਰ, ਕੀਰਤਨ ਸਮਾਗਮ, ਵਿਆਹ ਸ਼ਾਦੀਆਂ ਅਤੇ ਮੀਟਿੰਗਾਂ ਦੇ ਸਮਾਗਮ ਗੁਰੂ ਸਾਹਿਬ ਜੀ ਦੇ ਲੜੀਦਾਰ (ਜੁੜਵੇਂ ਅਖਰਾਂ ਵਾਲੇ) ਸਰੂਪ ਦੀ ਤਾਬਿਆ ਹੀ ਹੋਣੇ ਚਾਹੀਦੇ ਹਨ।
11. ਗੁਰੂ ਜੀ ਦੇ ਪ੍ਰਕਾਸ਼ ਵਾਲੇ ਕਮਰੇ ਜਾਂ ਹਾਲ ਵਿੱਚ ਹੋਰ ਕਿਸੇ ਵਿਅਕਤੀ ਦੀ ਤਸਵੀਰ ਨਹੀਂ ਲਗੀ ਹੋਣੀ ਚਾਹੀਦੀ।
12. ਗੁਰੂ ਸਾਹਿਬਾਨ ਦੀਆਂ ਪ੍ਰਚਲਤ ਤਸਵੀਰਾਂ ਘਰਾਂ ਵਿੱਚ ਰੱਖਣੀਆਂ ਘੋਰ ਮਨਮਤਿ ਹੈ। ਗੁਰਸਿੱਖਾਂ ਨੂੰ ਇਸ ਤੋਂ ਪੂਰਾ ਸੰਕੋਚ ਕਰਨਾ ਚਾਹੀਦਾ ਹੈ।
13. ਗੁਰੂ ਸਾਹਿਬ ਜੀ ਦਾ ਸਵਾਰਾ ਸਾਹਿਬ ਲੈ ਜਾਣ ਜਾਂ ਲੈ ਆਉਣ ਲੱਗਿਆਂ ਘੱਟ ਤੋਂ ਘੱਟ ਪੰਜ ਸਿੰਘ ਨਾਲ ਹੋਣੇ ਅਤੀ ਜ਼ਰੂਰੀ ਹਨ।
14. ਕੜਾਹ ਪ੍ਰਸ਼ਾਦ ਦੀ ਦੇਗ ਸਰਬ-ਲੋਹ ਵਿੱਚ ਤਿਆਰ ਹੋਵੇ ਅਤੇ ਇਕ-ਸਾਰਤਾ ਨਾਲ ਵਰਤਾਈ ਜਾਣੀ ਚਾਹੀਦੀ ਹੈ।
15. ਅੱਜ ਕਲ੍ਹ ਬਰਤਨਾਂ ਦੀ ਕੋਟੀ ਘਾਟ ਨਹੀਂ ਹੈ। ਇਸ ਲਈ ਗੁਰੂ ਸਾਹਿਬ ਜੀ ਦੇ ਹਜ਼ੂਰ ਕੜਾਹੀ ਵਿਚ ਦੇਗ ਨਹੀਂ ਧਰਨੀ ਚਾਹੀਦੀ। ਵਡੇ ਸਰਬ ਲੋਹੀ ਬਾਟਿਆਂ ਦਾ ਪਰਬੰਧ ਕਰਨਾ ਚਾਹੀਦਾ ਹੈ। ਨਹੀਂ ਤਾਂ ਸਰਬ-ਲੋਹੀ ਬਾਲਟੀ ਜਾਂ ਟੱਪ ਵੀ ਰਖੇ ਜਾ ਸਕਦੇ ਹਨ।


www.AKJ.Org

16. ਪੰਜਾਂ ਪਿਆਰਿਆਂ ਦੇ ਨਮਿੱਤ, ਦੇਗ ਅੰਮ੍ਰਿਤਧਾਰੀ ਗੁਰਸਿਖਾਂ ਵਿਚ ਹੀ ਵਰਤਣੀ ਚਾਹੀਦੀ ਹੈ। ਇਹ ਉਨ੍ਹਾਂ ਗੁਰੂ ਪਿਆਰਿਆਂ ਦੀ ਗੁਰੂ-ਰੂਪਤਾ ਦੀ ਯਾਦ ਹੈ।

17. ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਿੱਛੋਂ ਹੀ ਅੰਮ੍ਰਿਤ-ਸਿੰਚਾਰ ਕੀਤਾ ਜਾਣਾ ਚਾਹੀਦਾ ਹੈ। ਅਤੇ ਇਸ ਮੰਤਵ ਲਈ ਕੁੰਭ ਦਾ ਜਲ ਵਰਤਿਆ ਜਾਣਾ ਚਾਹੀਦਾ ਹੈ।

18. ਅੰਮ੍ਰਿਤ-ਅਭਿਲਾਖੀਆਂ ਨੂੰ ਸਾਰੇ ਅਖੰਡ ਪਾਠ ਸਾਹਿਬ ਵਿਚ ਹਾਜ਼ਰੀ ਭਰ ਕੇ ਜ਼ਿਆਦਾ ਤੋਂ ਜ਼ਿਆਦਾ ਅਖੰਡ ਪਾਠ ਸੁਣਨਾ ਚਾਹੀਦਾ ਹੈ–ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥'' ਅਖੰਡਪਾਠ, ਕੁੰਭ ਅਤੇ ਅੰਮ੍ਰਿਤ-ਸਿੰਚਾਰ ਦਾ ਆਪਸ ਵਿਚ ਦੀ ਬੜਾ ਅਨੰਦੀ ਸਨਬੰਧ ਹੈ।

19. ਪਾਠ ਕਰਨ ਸਮੇਂ ਗੁਰੂ ਜੀ ਦੇ ਪਤਰਿਆਂ ਦੀ ਸੇਵਾ ਵਾਸਤੇ ਇਕ ਸੂਤੀ ਰੁਮਾਲ ਪਾਸ ਰੱਖਿਆ ਰਹਿਣਾ ਚਾਹੀਦਾ ਹੈ।

20. ਮੱਥਾ ਟੇਕਣ ਲੱਗਿਆਂ ਗੁਰੂ ਸਾਹਿਬ ਜੀ ਦੇ ਅੱਗੇ ਪੈਸੇ ਸੁੱਟਣੇ ਨਹੀਂ ਚਾਹੀਦੇ, ਸਗੋਂ ਸਤਿਕਾਰ ਸਹਿਤ ਗੁਰੂ ਸਾਹਿਬ ਦੇ ਸਨਮੁਖ ਰੁਮਾਲੇ ਤੇ ਸਹਿਜੇ ਜਿਹੇ ਧਰ ਦੇਣੇ ਚਾਹੀਦੇ ਹਨ।

21. ਅੰਮ੍ਰਿਤ-ਅਭਿਲਾਖੀਆਂ, ਦੇਗ ਅਤੇ ਲੰਗਰ ਦੀ ਸੇਵਾ ਕਰਨ ਵਾਲਿਆਂ ਪ੍ਰੇਮੀਆਂ ਲਈ ਲੰਮਾ ਕੁਰਤਾ ਅਤੇ ਠੀਕ ਲੰਬਾਈ ਦਾ ਕਛਹਿਰਾ ਹੋਣਾ ਲਾਜ਼ਮੀ ਹਨ। ਕਮਰ-ਕੱਸਾ ਹੋਰ ਭੀ ਪ੍ਰਭਾਵ-ਸ਼ਾਲੀ ਹੈ।

22. ਕੀਰਤਨ ਕਰਨ ਵਾਲੇ ਪ੍ਰੇਮੀਆਂ ਲਈ ਕੁਰਤਾ ਪਜਾਮਾ, ਪੂਰੀਆਂ ਬਾਹਵਾਂ ਵਾਲੀ ਕਮੀਜ਼ ਅਤੇ ਸਲਵਾਰ ਸ਼ੋਭਨੀਕ ਹਨ।

23. ਸੰਗਤ ਵਿੱਚ ਦੀਦਾਰੇ ਬਖਸ਼ਣ ਸਮੇਂ ਗਾਤਰੇ ਕਿਰਪਾਨ ਦਾ ਕੁਰਤੇ ਅਤੇ ਕਮੀਜ਼ ਦੇ ਉਪਰੋਂ ਦੀ ਪਹਿਨਣਾ ਸਭਨਾਂ ਦੇ ਮਨ ਨੂੰ ਭਾਉਂਦਾ ਅਤੇ ਪ੍ਰਭਾਵ-ਸ਼ਾਲੀ ਹੈ। ਕੀਰਤਨੀਆਂ ਅਤੇ ਉਨ੍ਹਾਂ ਦੇ ਪਿੱਛੇ ਸਟੇਜ ਤੇ ਬੈਠਣ ਵਾਲਿਆਂ ਪ੍ਰੇਮੀਆਂ ਨੂੰ ਤਾਂ ਇਨ੍ਹਾਂ ਗੱਲਾਂ ਦਾ ਖਾਸ ਹੀ ਖ਼ਿਆਲ ਰੱਖਣਾ ਚਾਹੀਦਾ ਹੈ।

24. ਕੀਰਤਨ ਦਾ ਸਤਿਕਾਰ ਅਤੇ ਮਨ ਦੀ ਗੰਭੀਰਤਾ ਮੰਗ ਕਰਦੇ ਹਨ ਕਿ ਕੀਰਤਨੀਏ ਗੁਰੂ ਕੇ ਲਾਲ, ਹਜ਼ੂਰੀਏ ਦੀ ਵਰਤੋਂ ਕਰਿਆ ਕਰਨ।

25. ਨੇਤਰ ਮੂੰਦ ਕੇ ਕੀਰਤਨ ਸੁਨਣਾ ਅਤੇ ਕਰਨਾ ਮਨ ਦੀ ਇਕਾਗਰਤਾ, ਸ਼ਬਦ-ਸੁਰਤ ਦੇ ਮੇਲ ਅਤੇ ਆਤ-ਮਕ ਅਨੰਦੀ ਹੁਲਾਰਿਆਂ ਲਈ ਹੱਥ ਤੇ ਸਰ੍ਹੋਂ ਜਮਾਉਣ ਤੁੱਲ ਹੈ।

26. ਕੀਰਤਨੀਆਂ ਨੂੰ ਕਵਿਤਾ ਰੂਪ ਵਿੱਚ ਗੁਰਬਾਣੀ ਦਾ ਉਲਥਾ ਜਾਂ ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਦਾ ਉਲਥਾ ਗਾਇਨ ਕਰਕੇ ਜਾਂ ਬੋਲ ਕੇ ਸੁਣਾਉਣੋਂ, ਜਾਂ ਆਪਣਿਆਂ ਲਫਜ਼ਾਂ ਵਿੱਚ ਕਿਸੇ ਤੁਕ ਦਾ ਭਾਵ ਦੱਸਣੋਂ ਸੰਕੋਚ ਕਰਨਾ ਚਾਹੀਦਾ ਹੈ।

27. ਕੀਰਤਨ ਸਮੇਂ ਕਿਸੇ ਤੁਕ ਦੇ ਭਾਵ ਦੀ ਪ੍ਰੋੜ੍ਹਤਾ ਲਈ ਗੁਰਬਾਣੀ ਦੇ ਪਰਮਾਣ ਦੇਣ ਦੀ ਸੇਵਾ ਬਹੁਤ ਹੱਦ ਤੱਕ ਕੀਰਤਨੀਆਂ ਦੇ ਜ਼ਿਮੇ ਹੀ ਰਹਿਣ ਦੇਣੀ ਚਾਹੀਦੀ ਹੈ। ਵਰਨਾ ਬੇ-ਰਸੀ ਹੁੰਦੀ ਹੈ।

28. ਆਸਾ ਦੀ ਵਾਰ ਦਾ ਕੀਰਤਨ 9 ਵਜੇ ਤੱਕ ਪੂਰਾ ਹੋ ਜਾਣਾ ਚਾਹੀਦਾ ਹੈ।

29. ਪੂਰਨ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਮੁਖ ਰਖਦਿਆਂ ਹੋਇਆਂ ਸ਼ਾਮ ਦੇ ਕੀਰਤਨ ਦਾ ਭੋਗ 9 ਵਜੇ ਤੋਂ ਪਹਿਲੋਂ ਪਹਿਲੋਂ ਪੈ ਜਾਣਾ ਚਾਹੀਦਾ ਹੈ।

ਖਾਲਸਾ ਜੀ ਦਾ ਸੇਵਾਦਾਰ—ਰਾਮ ਸਿੰਘ

---

# ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਵਿਖੇ ਰੈਣਸਬਾਈ ਕੀਰਤਨ

ਸ: ਅਜੀਤ ਸਿੰਘ ਜੀ ਅਫ਼ਸਰ ਟਿਊਬ ਵੈਲ ਕਾਰਪੋਰੇਸ਼ਨ ਸੂਚਨਾ ਦਿੰਦੇ ਹਨ ਕਿ ਤਲਵੰਡੀ ਸਾਬੋ (ਬਠਿੰਡਾ) ਤਖਤ ਸ੍ਰੀ ਦਮਦਮਾ ਸਾਹਿਬ ਗੁਰੂ ਜੀ ਕਾਂਸ਼ੀ ਵਿਖੇ ੧੮ ਜੁਲਾਈ ਸਨਿਚਰਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ।

www.AKJ.Org

# ਸਲੋਕ ਸਹਸਕ੍ਰਿਤੀ (੪)

[ਅਰਥ ਵਿਆਖਿਆ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

**ਨਹ ਸਮਰਥੰ ਨਹ ਸੇਵਕੰ**
**ਨਹ ਪ੍ਰੀਤਿ ਪਰਮ ਪੁਰਖੋਤਮੰ ॥**
**ਤਵ ਪ੍ਰਸਾਦਿ ਸਿਮਰਤੇ ਨਾਮੰ**
**ਨਾਨਕ**
**ਕ੍ਰਿਪਾਲ ਹਰਿ ਹਰਿ ਗੁਰੰ ॥੨੨॥**

**ਪਦ ਅਰਥ** :–ਸਮਰਥੰ–ਸਮਰੱਥਾ, ਬਲ । ਸੇਵਕੰ–ਸੇਵਕ-ਸੁਭਾ । ਪੁਰਖੋਤਮੰ–ਉਤਮ ਪੁਰਖ, ਵਾਹਿਗੁਰੂ । ਤਵ ਪ੍ਰਸਾਦਿ- ਤੇਰੀ ਕਿਰਪਾ ਨਾਲ । ਕ੍ਰਿਪਾਲ–ਹੇ ਕਿਰਪਾਲ ਪ੍ਰਭੂ !੨੨।

**ਅਰਥ**–ਹੇ ਸਰਬੋਤਮ ਅਕਾਲ ਪੁਰਖ ਜੀ ! ਨਾ ਹੀ (ਮੇਰੇ ਵਿਚ ਕਿਸੇ ਕਿਸਮ ਦੀ ਕੋਈ) ਸਮਰੱਥਾ ਹੈ, ਨਾ ਹੀ ਸੇਵਕਾਂ ਵਾਲਾ ਕੋਈ ਗੁਣ ਹੈ ਅਤੇ ਨਾ ਹੀ (ਮੇਰੇ ਵਿਚ) ਤੇਰੀ ਪ੍ਰੀਤੀ ਹੈ ।

ਹੇ ਕਿਰਪਾਲੂ ਗੁਰਦੇਵ ਹਰੀ ! ਕੇਵਲ ਤੇਰੀ ਕਿਰਪਾ ਦੁਆਰਾ ਹੀ ਮੈਂ 'ਨਾਨਕ' ਤੇਰਾ ਨਾਮ ਸਿਮਰ ਸਕਦਾ ਹਾਂ ।੨੨।

**ਸਾਰੰਸ਼** :–ਤੁਮ ਲਾਵਹੁ ਤਉ ਲਾਗਹ ਸੇਵ ॥
ਹਮ ਤੇ ਕਛੂ ਨ ਹੋਵੈ ਦੇਵ ॥੧॥ਰਹਾਉ॥੮੩॥

[ਗਉੜੀ ਗੁ: ਮ: ੫, ਪੰਨਾ ੧੮੦

**ਭਰਣ ਪੋਖਣ ਕਰੰਤ ਜੀਆ**
**ਬਿਸ੍ਰਾਮ ਛਾਦਨ ਦੇਵੰਤ ਦਾਨੰ ॥**
**ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ ॥**
**ਵਰਤੰਤਿ ਸੁਖ ਆਨੰਦ ਪ੍ਰਸਾਦਹ ॥**
**ਸਿਮਰੰਤ ਨਾਨਕ ਹਰਿ ਹਰਿ ਹਰੇ ॥**
**ਅਨਿਤ੍ਯ ਰਚਨਾ ਨਿਰਮੋਹ ਤੇ ॥੨੩॥**

**ਪਦ ਅਰਥ** :–ਭਰਣ ਪੋਖਣ–ਪਾਲਣਾ ਪੋਸਣਾ । ਕਰੰਤ–ਕਰਦਾ ਹੈ । ਜੀਆ–ਜੀਵਾਂ ਦੀ । ਬਿਸ੍ਰਾਮ–ਟਿਕਾਣਾ । ਛਾਦਨ–ਬਸਤਰ । ਦੇਵੰਤ—ਦੇਂਦਾ ਹੈ । ਸ੍ਰਿਜੰਤ–ਸਿਰਜਦਾ ਹੈ, ਸਾਜਦਾ ਹੈ । ਚਤੁਰ–ਸਿਆਣਾ । ਚੇਤਨਹ–ਚੇਤਨਾ ਵਾਲਾ । ਪ੍ਰਸਾਦਹ–ਬਖਸ਼ਸ਼ਾਂ । ਸਿਮਰੰਤ–ਸਿਮਰਦੇ ਹਨ । ਅਨਿਤ੍ਯ–ਨਾ ਰਹਿਣ ਵਾਲੀ, ਨਾਸਵੰਤ । ਨਿਰਮੋਹ –ਨਿਰਲੇਪ । ਤੇ -ਉਹ ਜੀਵ (ਬਹੁ-ਵਚਨ, ਪੜਨਾਂਵ) ।੨੩।

**ਅਰਥ**–(ਵਾਹਿਗੁਰੂ) ਸ੍ਰਿਸ਼ਟੀ ਦੇ ਜਿਤਨੇ ਜੀਵ ਹਨ, ਸਾਰਿਆਂ ਦੀ ਪਾਲਣਾ ਪੋਸਣਾ ਕਰਦਾ ਹੈ, (ਸਭ ਨੂੰ) (ਰਹਿਣ ਲਈ) ਟਿਕਾਣਾ ਅਤੇ (ਪਹਿਰਨ ਲਈ) ਕਪੜੇ ਦਾਨ ਕਰਦਾ ਹੈ, ਚੇਤੰਨਤਾ ਤੇ ਚਤੁਰਤਾ ਸਪੰਨ ਰਤਨ ਵਰਗਾ ਅਮੋਲਕ ਮਨੁੱਖਾ ਜਨਮ ਸਿਰਜਦਾ ਹੈ । (ਅਜਿਹੇ ਵਡ-ਸਮਰੱਥ ਦਾਤਾਰ ਦੇ ਕ੍ਰਿਤੱਗ ਹੋਣ ਦੀ ਬਜਾਏ ਜੀਵ ਉਸ ਦੀਆਂ ਦਾਤਾਂ ਦੇ ਮੋਹ ਵਿਚ ਖੱਚਤ ਹੋ ਕੇ ਉਸ ਨੂੰ ਵਿਸਰ ਜਾਂਦੇ ਹਨ) 'ਨਾਨਕ' ! (ਇਸ ਨਾਸ਼ਮਾਨ ਰਚਨਾ ਦੇ ਮੋਹ ਤੋਂ ਕੇਵਲ ਉਹ ਜੀਵ ਹੀ ਨਿਰਲੇਪ ਰਹਿੰਦੇ ਹਨ ਜਿਹੜੇ (ਵਾਹਿਗੁਰੂ ਦੀਆਂ) ਬਖਸ਼ਸ਼ਾਂ ਨੂੰ ਸੁਖ ਅਨੰਦ ਨਾਲ ਮਾਣਦੇ ਹੋਏ ਸੁਆਸ ਸੁਆਸ ਨਾਮ ਸਿਮਰਦੇ ਰਹਿੰਦੇ ਹਨ ।੨੩।

**ਸਾਰੰਸ਼** :–ਵਾਹਿਗੁਰੂ ਵੱਡ-ਸਮਰੱਥ ਦਾਤਾਰ ਹੈ । ਉਸ ਨੇ ਜੀਵਾਂ ਨੂੰ ਅਨੇਕ ਅਮੋਲਕ ਦਾਤਾਂ ਬਖਸ਼ੀਆਂ



www.AKJ.Org

ਹੋਈਆਂ ਹਨ । ਸਿਮਰਨ ਵਾਲੇ ਬੰਦੇ ਉਸ ਦੀਆਂ ਦਾਤਾਂ ਨੂੰ ਉਸ ਦੀ ਬਖਸ਼ਸ਼ ਜਾਣ ਕੇ ਮਾਣਦੇ ਹੋਏ, ਇਨ੍ਹਾਂ ਨਾਸ਼ਮਾਨ ਦਾਤਾਂ ਦੇ ਮੋਹ ਤੋਂ ਨਿਰਲੇਪ ਹੋ ਕੇ, ਦਾਤਾਰ ਨਾਲ ਜੁੜੇ ਰਹਿੰਦੇ ਹਨ ।੨੩।

**ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥**
**ਬਿਪਰੀਤ ਬੁਧੰ ਮਾਰਤ ਲੋਕਹ**
**ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥**

**ਪਦ ਅਰਥ** :–ਪਰਾ ਪੂਰਬੇਣ-ਪਹਿਲੇ (ਪੂਰਬਲੇ) ਜਨਮਾਂ ਦਾ । ਭੁੰਚੰਤੇ–ਭੁੰਚਦੇ ਹਨ, ਭੋਗਦੇ ਹਨ । ਮਹੀਪਤੇ–ਧਰਤੀ ਦੇ ਪਤੀ, ਰਾਜੇ । ਬਿਪਰੀਤ ਬੁਧੰ–ਉਲਟੀ ਬੁਧੀ ਵਾਲੇ । ਮਾਰਤ ਲੋਕਹ–ਲੋਕਾਂ (ਜੀਵਾਂ) ਨੂੰ ਮਾਰਦੇ ਹਨ, ਜ਼ੁਲਮ ਕਰਦੇ ਹਨ । ਚਿਰੰਕਾਲ–ਚਿਰ ਕਾਲ ਤਕ, ਕਈ ਜਨਮਾਂ ਤਕ ।੨੪।

**ਅਰਥ** :–(ਜੀਵ) ਪੂਰਬਲੇ ਜਨਮਾਂ ਵਿਚ ਕੀਤੇ ਪੁੰਨ-ਕਰਮਾਂ ਦਾ ਫਲ, ਧਰਤੀ ਦੇ ਸਿਕਦਾਰ (ਰਾਜੇ) ਬਣ ਕੇ ਭੋਗਦੇ ਹਨ । (ਰਾਜ-ਮਦ ਦੇ ਅਧੀਨ) ਇਨ੍ਹਾਂ ਦੀ ਬੁਧੀ ਫਿਟ ਜਾਂਦੀ ਹੈ (ਸੁਆਰਥ ਅਧੀਨ) ਇਹ ਲੋਕਾਂ ਨੂੰ ਮਾਰਦੇ ਹਨ, ਭਾਵ ਉਨ੍ਹਾਂ ਤੇ ਜ਼ੁਲਮ ਕਰਦੇ ਹਨ । ਜਿਸ ਦੇ ਫਲ ਸਰੂਪ 'ਨਾਨਕ' ! ਚਿਰੰਕਾਲ (ਕਈ ਜਨਮਾਂ ਤਕ) ਦੁਖ ਭੋਗਦੇ ਰਹਿੰਦੇ ਹਨ ।੨੪।

**ਸਾਰੰਸ਼** :–ਰਾਜ-ਮਦ ਅਧੀਨ ਮਨੁੱਖ ਦੀ ਬੁੱਧ ਫਿਟ ਜਾਂਦੀ ਹੈ ਤੇ ਉਹ ਦੂਜਿਆਂ ਤੇ ਵਧੀਕੀਆਂ ਕਰਦਾ ਹੈ, ਜਿਸਦੇ ਫਲ-ਸਰੂਪ ਦੁਖ ਭੋਗਣਾ ਪੈਂਦਾ ਹੈ ।

**ਬ੍ਰਿਥਾ ਅਨੁਗ੍ਰਹੰ ਗੋਬਿੰਦਹ**
**ਜਸੵ ਸਿਮਰਣ ਰਿਦੰਤਰਹ ॥**
**ਆਰੋਗੵ ਮਹਾ ਰੋਗੵ**
**ਬਿਸਿਮ੍ਰਿਤੇ ਕਰੁਣਾ ਮਯਹ ॥੨੫॥**

**ਪਦ ਅਰਥ** :–ਬ੍ਰਿਥਾ–ਪੀੜਾ । ਅਨੁਗ੍ਰਹੰ–ਕਿਰਪਾ, ਬਖਸ਼ਸ਼ । ਗੋਬਿੰਦਹ–ਗੋਬਿੰਦ ਦੀ । ਜਸੵ–ਜਿਸ ਦੀ । ਰਿਦੰਤਰਹ–ਹਿਰਦੇ ਵਿਚ । ਆਰੋਗੵ–ਅਰੋਗ, ਨਰੋਆ । ਮਹਾ ਰੋਗੵ–ਮਹਾਂ ਰੋਗੀ । ਬਿਸਿਮ੍ਰਿਤੇ–ਨਹੀਂ ਸਿਮਰਦੇ, ਭੁਲ ਜਾਂਦੇ ਹਨ । ਕਰੁਣਾ ਮਯਹ–ਕਿਰਪਾ–ਸਰੂਪ ਪ੍ਰਭੂ ।੨੫।

**ਅਰਥ** :–ਜਿਸ ਜੀਵ ਦੇ ਹਿਰਦੇ ਵਿਚ ਪ੍ਰਭੂ ਦਾ ਸਿਮਰਨ ਵਸਦਾ ਹੈ ਉਹ ਕਸ਼ਟ ਨੂੰ ਵੀ ਪ੍ਰਭੂ ਦੀ ਬਖਸ਼ਸ਼ ਜਾਣ ਕੇ ਸਵੀਕਾਰ ਕਰਦਾ ਹੈ । ਪਰ ਜਿਹੜਾ ਪ੍ਰਾਣੀ ਕਿਰਪਾਲੂ ਪ੍ਰਭੂ ਦੇ ਨਾਮ ਨੂੰ ਵਿਸਾਰ ਦੇਂਦਾ ਹੈ ਉਹ (ਤਨ ਕਰਕੇ) ਅਰੋਗ ਹੁੰਦਾ ਹੋਇਆ ਵੀ (ਮਨ ਕਰਕੇ) ਵੱਡਾ ਰੋਗੀ ਹੀ ਰਹਿੰਦਾ ਹੈ ।੨੫।

**ਸਾਰੰਸ਼** :–ਪ੍ਰਭੂ ਦੀ ਯਾਦ ਵੱਡੀ ਨਿਆਮਤ ਹੈ ਤੇ ਪ੍ਰਭੂ ਦਾ ਵਿਸਰ ਜਾਣਾ ਸਭ ਤੋਂ ਵੱਡਾ ਰੋਗ ਹੈ ।

**ਰਮਣੰ ਕੇਵਲੰ ਕੀਰਤਨੰ**
**ਸੁਧਰਮੰ ਦੇਹ ਧਾਰਣਹ ॥**
**ਅੰਮ੍ਰਿਤ ਨਾਮੁ ਨਰਾਇਣ**
**ਨਾਨਕ**
**ਪੀਵਤੰ ਸੰਤ ਨ ਤ੍ਰਿਪੵਤੇ ॥੨੬॥**

**ਪਦ ਅਰਥ** :–ਰਮਣੰ–ਜਪਣਾ । ਕੇਵਲੰ–ਕੇਵਲ । ਸੁਧਰਮੰ–ਸ਼੍ਰੇਸ਼ਟ ਧਰਮ । ਦੇਹ ਧਾਰਣਹ–ਮਨੁਖਾ ਸਰੀਰ ਧਾਰਨ ਕਰਨ ਦਾ । ਪੀਵਤੰ–ਪੀਂਦਿਆਂ, ਪੀ ਪੀ ਕੇ । ਨ ਤ੍ਰਿਪੵਤੇ–ਨਹੀਂ ਰਜਦੇ ।੨੬।

**ਅਰਥ** :–(ਮਨੁਖਾ) ਦੇਹੀ ਧਾਰਨ ਕਰਨ ਦਾ ਪਰਮ-ਧਰਮ (ਮੂਲ-ਮੰਤਵ) ਕੇਵਲ ਪ੍ਰਭੂ-ਨਾਮ ਦਾ ਕੀਰਤਨ ਕਰਦੇ ਰਹਿਣਾ, ਅਥਵਾ ਉਸ ਦੇ ਗੁਣ ਗਾਉਂਦੇ ਰਹਿਣਾ ਹੀ ਹੈ । 'ਨਾਨਕ' ! ਨਾਰਾਇਣ ਪ੍ਰਭੂ ਦੇ



www.AKJ.Org

ਅੰਮ੍ਰਿਤ-ਨਾਮ ਨੂੰ ਪੀ ਪੀ ਕੇ ਸੰਤ ਰਜਦੇ ਨਹੀਂ, ਭਾਵ, ਉਨ੍ਹਾਂ ਵਿਚ ਨਾਮ ਦੀ ਭੁਖ ਵਧ ਤੋਂ ਵਧੇਰੇ ਹੁੰਦੀ ਹੈ ।੨੬।

**ਸਾਰੰਸ਼** :--ਮਨੁੱਖਾ ਜਨਮ ਦਾ ਉਦੇਸ਼ ਕੇਵਲ ਪ੍ਰਭੂ ਦੀ ਸਿਫਤ-ਸਲਾਹ ਕਰਨਾ ਹੀ ਹੈ । ਸਤ ਪੁਰਸ਼ ਸਦਾ ਹੀ ਨਾਮ-ਰਸ ਦੇ ਮਤਵਾਲੇ ਰਹਿੰਦੇ ਹਨ ।੨੬।

**ਸਹਣ ਸੀਲ ਸੰਤੰ**
**ਸਮ ਮਿਤ੍ਰਸ੍ਯ ਦੁਰਜਨਹ ॥**
**ਨਾਨਕ ਭੋਜਨ ਅਨਿਕ ਪ੍ਰਕਾਰੇਣ**
**ਨਿੰਦਕ ਆਵਧ ਹੋਇ ਉਪਤਿਸਟਤੇ ॥੨੭॥**

**ਪਦ ਅਰਥ** :—ਸਹਣ ਸੀਲੰ—ਧੀਰਜ ਤੇ ਨੇਕ ਸੁਭਾ । ਸਮ—ਸਮਾਨ, ਇਕੋ ਜਿਹਾ । ਮਿਤ੍ਰਸ—ਮਿੱਤਰ । ਦੁਰਜਨਹ—ਖੋਟੇ ਪੁਰਸ਼, ਦੁਸ਼ਮਣ । ਅਨਿਕ ਪ੍ਰਕਾਰੇਣ—ਕਈ ਤਰ੍ਹਾਂ ਦੇ । ਆਵਧ ਹੋਇ—ਸ਼ਸਤਰ ਲੈ ਕੇ, ਹਥਿਆਰ-ਬੰਦ ਹੋ ਕੇ । ਉਪਤਿਸਟਤੇ--ਨੇੜੇ ਆਵੇ, ਸਿਰ ਤੇ ਆ ਚੜ੍ਹੇ ।੨੭।

**ਅਰਥ** :--ਸੰਤਾਂ (ਸਤ-ਪੁਰਸ਼ਾਂ) ਵਿਚ ਸਹਿਨਸ਼ੀਲਤਾ ਇੰਨੀ ਪ੍ਰਬਲ ਹੁੰਦੀ ਹੈ ਕਿ ਉਨ੍ਹਾਂ ਵਾਸਤੇ ਮਿੱਤਰ ਤੇ ਦੁਸ਼ਮਣ ਇਕ ਸਮਾਨ ਹੁੰਦੇ ਹਨ । 'ਨਾਨਕ' ! ਭਾਵੇਂ ਕੋਈ (ਉਨ੍ਹਾਂ ਦਾ ਹਿਤੈਸ਼ੀ) ਅਨਿਕ ਪ੍ਰਕਾਰ ਦੇ ਭੋਜਨ ਅਰਪਨ ਕਰੇ ਜਾਂ ਉਨ੍ਹਾਂ ਦਾ ਮੰਦਾ ਚਿਤਵਣ ਵਾਲਾ ਕੋਈ ਹਥਿਆਰਬੰਦ ਹੋ ਕੇ ਉਨ੍ਹਾਂ ਤੇ ਚੜ੍ਹ ਆਵੇ (ਉਨ੍ਹਾਂ ਲਈ ਸਾਰੇ ਇਕ-ਸਮਾਨ ਹੁੰਦੇ ਹਨ) ।੨੭।

**ਸਾਰੰਸ਼** :--ਨਾਮ-ਸਿਮਰਨ ਵਾਲੇ ਸਤ-ਪੁਰਸ਼ਾਂ ਦੀ ਸਮ-ਦ੍ਰਿਸ਼ਟੀ ਹੁੰਦੀ ਹੈ । ਉਨ੍ਹਾਂ ਦੇ ਅੰਦਰੋਂ ਸਜਣ ਤੇ ਦੁਸ਼ਮਣ ਦਾ ਵਿਤਕਰਾ ਮਿਟ ਜਾਂਦਾ ਹੈ । ਗੁਰਵਾਕ--

ਸੰਤ ਰਹਤ ਸੁਨਹੁ ਮੇਰੇ ਭਾਈ ॥......
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥੯੯॥
[ਆਸਾ ਮਹਲਾ ੫, ਪੰਨਾ ੩੯੨

**ਤਿਰਸਕਾਰ ਨਹ ਭਵੰਤਿ**
**ਨਹ ਭਵੰਤ ਮਾਨ ਭੰਗਨਹ ॥**
**ਸੋਭਾਹੀਨ ਨਹ ਭਵੰਤਿ**
**ਨਹ ਪੋਹੰਤਿ ਸੰਸਾਰ ਦੁਖਨਹ ॥**
**ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ**
**ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥੨੮॥**

**ਪਦ ਅਰਥ** :--ਤਿਰਸਕਾਰ--ਨਿਰਾਦਰ । ਨਹ ਭਵੰਤਿ--ਨਹੀਂ ਹੁੰਦਾ । ਮਾਨ ਭੰਗਨਹ--ਮਾਨ ਭੰਗ ਹੋਣਾ, ਬੇਇਜ਼ਤੀ ਹੋਣੀ । ਸੋਭਾਹੀਨ--ਸੋਭਾਹੀਨਤਾ । ਨਹ ਪੋਹੰਤਿ--ਨਹੀਂ ਪੋਹ ਸਕਦੇ । ਸੰਸਾਰ ਦੁਖਨਹ—ਸੰਸਾਰ ਦੇ ਦੁਖ । ਜਪੰਤਿ--ਜਪਦੇ ਹਨ । ਸਾਧ ਸੰਗਹ--ਸਾਧ ਸੰਗਤ ਵਿਚ । ਸੁਖ ਬਾਸਨਹ--ਸੁਖਾਂ ਵਿਚ ਵਸਦੇ ਹਨ ।੨੮।

ਅਖ਼ੀਰਲੀ ਤੁਕ ਤੋਂ ਅਰਥ ਚੁਕਿਆ ਗਿਆ ਹੈ—

**ਅਰਥ** :—'ਨਾਨਕ !' (ਜਿਹੜੇ ਵਿਅਕਤੀ) ਸਾਧ ਸੰਗਤ ਵਿਚ ਮਿਲ ਕੇ (ਸਦਾ) ਵਾਹਿਗੁਰੂ ਦਾ ਨਾਮ ਜਪਦੇ ਰਹਿੰਦੇ ਹਨ ਉਹ ਸਦਾ ਸੁਖੀ ਵਸਦੇ ਹਨ । ਉਹਨਾਂ ਦਾ ਕਦੀ ਨਿਰਾਦਰ ਨਹੀਂ ਹੁੰਦਾ, ਨਾ ਹੀ ਕਦੀ ਉਹਨਾਂ ਦਾ ਸਤਿਕਾਰ ਭੰਗ (ਅਪਮਾਨ) ਹੁੰਦਾ ਹੈ । ਉਨ੍ਹਾਂ ਦੀ ਸੋਭਾ-ਹੀਣਤਾ ਕਦੀ ਨਹੀਂ ਹੁੰਦੀ ਅਤੇ ਨਾ



www.AKJ.Org

ਹੀ ਉਹਨਾਂ ਨੂੰ ਸੰਸਾਰ ਦੇ ਦੁਖ ਪੋਹ ਸਕਦੇ ਹਨ ।੨੮।

**ਸਾਰੰਸ਼** :—ਨਾਮ ਸਿਮਰਨ ਦੇ ਤੁਫ਼ੈਲ ਸੁਖ ਮਿਲਦਾ ਹੈ, ਸੱਚੀ ਤੇ ਸਦੀਵੀ ਸੋਭਾ ਮਿਲਦੀ ਹੈ ।੨੮।

**ਸੈਨਾ ਸਾਧ ਸਮੂਹ ਸੂਰ ਅਜਿਤੰ**
**ਸੰਨਾਹੰ ਤਨਿ ਨਿੰਮ੍ਰਤਾਹ ॥**
**ਆਵਧਹ ਗੁਣ ਗੋਬਿੰਦ ਰਮਣੰ**
**ਓਟ ਗੁਰ ਸਬਦ ਕਰ ਚਰਮਣਹ ॥**
**ਆਰੂੜਤੇ ਅਸ੍ਵ ਰਥ ਨਾਗਹ**
**ਬੁਝੰਤੇ ਪ੍ਰਭ ਮਾਰਗਹ ॥**
**ਬਿਚਰਤੇ ਨਿਰਭਯੰ ਸਤ੍ਰ ਸੈਨਾ**
**ਧਾਯੰਤੇ ਗੁਪਾਲ ਕੀਰਤੰਨਹ ॥**
**ਜਿਤਤੇ ਬਿਸ੍ਵ ਸੰਸਾਰਹ**
**ਨਾਨਕ ਵਸੰ ਕਰੋਤਿ ਪੰਚ ਤਸਕਰਹ ॥੨੯॥**

**ਪਦ ਅਰਥ** :—ਸੈਨਾ—ਫੌਜ । ਸਾਧ ਸਮੂਹ—ਸਾਧੂ ਜਨਾਂ ਦਾ ਇਕੱਠ, ਸਾਧ ਸੰਗਤ । ਸੂਰ ਅਜਿਤੰ—ਨਾ ਜਿਤੇ ਜਾਣ ਵਾਲੇ ਸੂਰਮੇ । ਸੰਨਾਹੰ—ਸੰਜੋਅ, ਜ਼ਰਾ ਬਕਤਰ, ਲੋਹੇ ਦੀ ਜਾਲੀ ਦੀ ਬਰਦੀ ਜੋ ਸੂਰਮੇ ਜੁਧ ਵੇਲੇ ਪਹਿਨਦੇ ਹਨ । ਤਨਿ ਨਿੰਮ੍ਰਤਾਹ—ਸਰੀਰ ਉਤੇ ਨਿੰਮਰਤਾ ਦੀ । ਆਵਧਹ—ਸ਼ਸਤਰ, ਹਥਿਆਰ । ਗੁਣ ਗੋਬਿੰਦ ਰਮਣੰ—ਗੋਬਿੰਦ ਦੇ ਗੁਣ ਗਾਉਣੇ । ਕਰ—ਹੱਥਾਂ ਵਿਚ । ਚਰਮਣਹ—(ਗੈਂਡੇ ਦੇ) ਚੰਮ ਦੀ ਢਾਲ, ਜਿਸ ਤੇ ਕੋਈ ਹਥਿਆਰ ਜਾਂ ਗੋਲੀ ਅਸਰ ਨਹੀਂ ਕਰ ਸਕਦੀ । ਆਰੂੜਤੇ—ਸਵਾਰੀ ਕਰਦੇ ਹਨ । ਅਸ੍ਵ—ਘੋੜੇ । ਨਾਗਹ—ਹਾਥੀ । ਬੁਝੰਤੇ—ਬੁਝਦੇ ਹਨ । ਪ੍ਰਭ ਮਾਰਗਹ—ਪ੍ਰਭੂ ਦੇ ਦਰ ਤੇ ਪਹੁੰਚਣ ਵਾਲੇ ਮਾਰਗ ਨੂੰ । ਬਿਚਰਤੇ—ਵਿਚਰਦੇ ਹਨ । ਨਿਰਭਯੰ—ਨਿਰਭੈ ਹੋ ਕੇ, ਬੇਖ਼ੌਫ਼ ਹੋ ਕੇ । ਸਤ੍ਰ ਸੈਨਾ—ਸ਼ਤਰੂਆਂ ਦੀ ਸੈਨਾ ਵਿਚ । ਧਾਯੰਤੇ—ਧਾਵਾ ਕਰਦੇ ਹਨ, ਹਲਾ ਬੋਲਦੇ ਹਨ । ਗੁਪਾਲ ਕੀਰਤਨਹ—ਗੋਪਾਲ ਦੇ ਕੀਰਤਨ ਦਾ । ਬਿਸ੍ਵ ਸੰਸਾਰਹ—ਵਿਸ਼ਵ (ਸਾਰੇ) ਸੰਸਾਰ ਨੂੰ । ਵਸੰ ਕਰੋਤਿ—ਕਾਬੂ ਵਿਚ ਕਰ ਲੈਂਦੇ ਹਨ । ਪੰਚ ਤਸਕਰਹ—ਪੰਜਾਂ ਚੋਰਾਂ ਨੂੰ ।੨੯।

**ਅਰਥ** :—(ਸਿਮਰਨ ਕਰਨ ਵਾਲੇ ਗੁਰਮੁਖ ਕਿਵੇਂ ਕਾਮਾਦਿਕ ਪੰਜਾਂ ਸ਼ਤਰੂਆਂ ਨਾਲ ਜੁਧ ਕਰਦੇ ਹਨ ਤੇ ਉਨ੍ਹਾਂ ਨੂੰ ਕਾਬੂ ਕਰਦੇ ਹਨ, ਇਸ ਸਲੋਕ ਵਿਚ ਇਸ ਦਾ ਜ਼ਿਕਰ ਹੈ) :—

ਸਾਧੂ ਜਨਾਂ ਦਾ ਸਮੁਦਾਇ, ਭਾਵ, ਸਾਧ ਸੰਗਤ ਅਜਿਤ ਸੂਰਮਿਆਂ ਦੀ ਸੈਨਾ ਹੈ । ਉਨ੍ਹਾਂ ਦੇ ਸਰੀਰ ਤੇ ਨਿੰਮਰਤਾ ਦੀ ਸੰਜੋਅ ਪਹਿਨੀ ਹੁੰਦੀ ਹੈ । ਪ੍ਰਭੂ ਦੇ ਗੁਣ ਗਾਉਂਦੇ ਰਹਿਣਾ, ਇਹ ਉਨ੍ਹਾਂ ਪਾਸ ਸ਼ਸਤਰ ਹਨ ਅਤੇ ਗੁਰ-ਸ਼ਬਦ ਦੀ ਓਟ ਲਈ ਰਖਣੀ, ਉਨ੍ਹਾਂ ਦੇ ਹੱਥਾਂ ਵਿਚ ਮਾਨੋ (ਗੈਂਡੇ ਦੇ) ਚੰਮ ਦੀ ਢਾਲ ਹੈ । ਪ੍ਰਭੂ-ਪ੍ਰਾਪਤੀ ਦਾ ਜੀਵਨ-ਰਾਹ ਬੁਝ ਲੈਣਾ, ਇਹ ਉਨ੍ਹਾਂ ਲਈ ਘੋੜਿਆਂ, ਰੱਥਾਂ ਅਤੇ ਹਾਥੀਆਂ ਦੀ ਸਵਾਰੀ ਕਰਨੀ ਹੈ । ਗੋਪਾਲ ਪ੍ਰਭੂ ਦੀ ਕੀਰਤੀ (ਸਿਫਤ ਸਲਾਹ) ਦੇ ਬਲ-ਬੋਤੇ ਸ਼ਤਰੂਆਂ ਉਤੇ ਧਾਵਾ ਬੋਲਦੇ ਹਨ ਅਤੇ ਬੇਖ਼ੌਫ਼ ਹੋ ਕੇ (ਕਾਮਾਦਿਕ) ਵੈਰੀਆਂ ਦੀ ਸੈਨਾ ਵਿਚ ਵਿਚਰਦੇ ਹਨ ।

'ਨਾਨਕ' ! (ਇਨ੍ਹਾਂ ਅਧਿਆਤਮਕ ਸ਼ਸਤ੍ਰਾਂ ਅਸਤ੍ਰਾਂ ਦਾ ਸਦਕਾ ਸੰਤ ਜਨ) ਕਾਮਾਦਿਕ ਜਗਤ-ਜੇਤੂ ਲੁਟੇਰਿਆਂ ਨੂੰ ਆਪਣੇ ਕਾਬੂ ਵਿਚ ਕਰ ਲੈਂਦੇ ਹਨ ਤੇ ਇਸ ਤਰ੍ਹਾਂ ਉਹ ਮਾਨੋ ਸਾਰੇ ਸੰਸਾਰ ਨੂੰ ਜਿਤ ਲੈਂਦੇ ਹਨ ।੨੯।

**ਸਾਰੰਸ਼** :—ਸਾਧ ਸੰਗਤ ਵਿਚ ਗੁਰੂ-ਪਰਾਇਣ ਹੋ ਕੇ ਗੁਰ-ਸ਼ਬਦ ਦੀ ਕਮਾਈ ਕਰਨ ਨਾਲ ਮਨ ਬਲਵਾਨ ਹੋ ਜਾਂਦਾ ਹੈ ਤੇ ਇਸ ਦੇ ਤੁਫ਼ੈਲ ਜਗਤ-ਵਿਜੱਈ ਕਾਮਾਦਿਕ ਪੰਜ ਸ਼ਤਰੂ, ਸਤ-ਪੁਰਸ਼ਾਂ ਦੇ ਵਸ ਵਿਚ



www.AKJ.Org

ਆ ਜਾਂਦੇ ਹਨ। ਜਿਵੇਂ ਕਿ :–

ਸਗਲ ਸ੍ਰਿਸਟ ਕੇ ਪੰਚ ਸਿਕਦਾਰ ॥
ਰਾਮ ਭਗਤ ਕੇ ਪਾਨੀਹਾਰ ॥੧॥ਰਹਾਉ॥
ਜਗਤ ਪਾਸ ਤੇ ਲੇਤੇ ਦਾਨੁ ॥
ਗੋਬਿੰਦ ਭਗਤ ਕਉ ਕਰਹਿ ਸਲਾਮੁ ॥...੨॥ [ਗੋਂਡ ਮਹਲਾ ੫, ਪੰਨਾ ੮੬੫
ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥
ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥
ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥
ਹਰਿਹਾਂ ਮਹਾ ਬਿਖਾਦੀ ਘਾਤ ਪੂਰਨ ਗੁਰ ਪਾਈਐ ॥੧੬॥[ਫੁਨਹੇ ਮ: ੫, ਪੰਨਾ ੧੩੬੩

**ਮ੍ਰਿਗ ਤ੍ਰਿਸਨਾ ਗੰਧਰਬ ਨਗਰੰ**
**ਦ੍ਰੁਮ ਛਾਯਾ ਰਚਿ ਦੁਰਮਤਿਹ ॥**
**ਤਤਹ ਕੁਟੰਬ ਮੋਹ ਮਿਥ੍ਯਾ**
**ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥**

**ਪਦ ਅਰਥ** :–ਮ੍ਰਿਗ ਤ੍ਰਿਸਨਾ–ਮਾਰੂ ਥਲ ਵਿਚ ਸੂਰਜ ਦੀਆਂ ਕਿਰਨਾਂ ਪੈਣ ਨਾਲ ਰੇਤਲਾ ਮੈਦਾਨ ਪਾਣੀ ਦੇ ਦਰਿਆ ਵਾਂਗ ਲਿਸ਼ਕਦਾ ਹੈ। ਤ੍ਰਿਹਾਏ ਹਿਰਨ ਉਸ ਵਲ ਭਜਦੇ ਹਨ, ਪਰ ਠਗ-ਨੀਰਾ (ਧੋਖਾ-ਦੇਊ ਪਾਣੀ) ਅਗੇ ਤੋਂ ਅਗੇ ਤੁਰੀ ਜਾਂਦਾ ਹੈ । ਗੰਧਰਬ ਨਗਰੰ–ਅਕਾਸ਼ ਵਿਚ ਮਿਥੀ ਹੋਈ ਰਾਜੇ ਹਰੀ ਚੰਦ ਦੀ ਇਕ ਨਗਰੀ, ਜਿਸ ਦੀ 'ਠਗ-ਨੀਰੇ' ਵਾਂਗ ਕੋਈ ਅਸਲੀਅਤ ਨਹੀਂ । ਦ੍ਰੁਮ ਛਾਯਾ–ਬ੍ਰਿਛ ਦੀ ਛਾਂ । ਰਚਿ–ਰਚ ਕੇ, ਲਗ ਕੇ । ਦੁਰਮਤਿਹ–ਮਤ ਖੋਟੀ ਹੋ ਜਾਂਦੀ ਹੈ, ਭ੍ਰਿਸ਼ਟ ਜਾਂਦੀ ਹੈ । ਤਤਹ–ਉਸੇ ਤਰ੍ਹਾਂ । ਮਿਥ੍ਯਾ–ਝੂਠਾ, ਨਾਸਵੰਤ । ਸਿਮਰੰਤਿ–ਸਿਮਰਦੇ ਹਨ ।੩੦।

**ਅਰਥ** :–(ਜਿਵੇਂ) ਮ੍ਰਿਗ-ਤ੍ਰਿਸ਼ਨਾ (ਠਗ-ਨੀਰਾ), ਗੰਧਰਬ ਨਗਰੀ (ਇਕ ਖ਼ਿਆਲੀ ਨਗਰੀ) ਅਤੇ ਬ੍ਰਿਛ ਦੀ ਛਾਂ (ਇਨ੍ਹਾਂ ਦੀ ਕੋਈ ਅਸਲੀਅਤ ਨਹੀਂ), ਤਿਵੇਂ ਹੀ ਕੁਟੰਬ ਦਾ ਮੋਹ ਵੀ ਮਿਥਿਆ ਹੈ, ਇਹਨਾਂ ਮਿਥਿਆ ਰਚਨਾਵਾਂ ਦੇ ਮੋਹ ਵਿਚ ਰਚ ਕੇ ਮਨੁੱਖ ਦੀ ਮੱਤ ਭ੍ਰਿਸ਼ਟ ਜਾਂਦੀ ਹੈ ।

'ਨਾਨਕ' ! (ਇਨ੍ਹਾਂ ਮਿਥਿਆ ਰਚਨਾਵਾਂ ਦਾ ਮੋਹ ਛਡ ਕੇ) ਰਾਮ ਨਾਮ ਦੇ ਸਿਮਰਨ ਵਿਚ ਰਚਣਾ ਚਾਹੀਦਾ ਹੈ ।

**ਸਾਰੰਸ਼** :–ਮਾਇਕੀ ਪਦਾਰਥਾਂ ਅਤੇ ਪ੍ਰਵਾਰਕ ਮੋਹ ਨੂੰ ਤਿਆਗ ਕੇ ਨਾਮ-ਸਿਮਰਨ ਵਿਚ ਪ੍ਰੀਤ ਪਾਉਣੀ ਚਾਹੀਦੀ ਹੈ ।੩੦।

**ਨਚ ਬਿਦਿਆ ਨਿਧਾਨ ਨਿਗਮੰ**
**ਨਚ ਗੁਣਗ੍ਯ ਨਾਮ ਕੀਰਤਨਹ ॥**
**ਨਚ ਰਾਗ ਰਤਨ ਕੰਠੰ**
**ਨਹ ਚੰਚਲ ਚਤੁਰ ਚਾਤੁਰਹ ॥**
**ਭਾਗ ਉਦਿਮ ਲਬਧ੍ਯੰ ਮਾਇਆ**
**ਨਾਨਕ ਸਾਧ ਸੰਗਿ ਖਲ ਪੰਡਿਤਹ ॥੩੧॥**

**ਪਦ ਅਰਥ** :–ਨਚ–ਨਹੀਂ । ਨਿਧਾਨ–ਖਜ਼ਾਨਾ । ਨਿਗਮੰ–ਵੇਦ । ਬਿਦਿਆ ਨਿਧਾਨ ਨਿਗਮੰ–ਵੇਦ-ਵਿਦਿਆ ਦਾ ਖਜ਼ਾਨਾ । ਗੁਣਗ੍ਯ–ਗੁਣਾਂ ਦਾ ਗਿਆਤਾ । ਕੰਠੰ–ਗਲਾ । ਚੰਚਲ–ਚੁਸਤੀ, ਫੁਰਤੀ । ਚਤੁਰ


www.AKJ.Org

–ਸਿਆਣਾ । ਚਾਤੁਰਹ–ਹੁਸ਼ਿਆਰ । ਉਦਿਮ–ਉਦੇ ਹੋਣ ਤੇ, ਪਰਗਟ ਹੋਣ ਤੇ । ਲਬਧੰ–ਲਭਦੀ ਹੈ। ਮਾਇਆ–ਦੈਵੀ-ਸੰਪਤੀ । ਸਾਧ ਸੰਗਿ–ਸਤਸੰਗਤ ਵਿਚ । ਖਲ–ਮੂਰਖ । ਪੰਡਿਤਹ–ਪੰਡਤ, ਵਿਦਵਾਨ ।੩੧।

**ਅਰਥ** :–ਉਹ ਪ੍ਰਾਣੀ, ਜਿਸ ਪਾਸ ਨਾ ਵੇਦ-ਵਿਦਿਆ ਦਾ ਖਜ਼ਾਨਾ ਹੋਵੇ, ਨਾ ਉਹ ਨਾਮ ਕੀਰਤਨ-ਮੇਈ ਗੁਣਾਂ ਦਾ ਗਿਆਤਾ ਹੋਵੇ, ਨਾ ਰਤਨ-ਰਾਗ ਗਾਉਣ ਵਾਲਾ ਹੋਵੇ, ਨਾ ਉਹ ਚੁਸਤ, ਸਿਆਣਾ ਤੇ ਹੁਸ਼ਿਆਰ ਹੋਵੇ, (ਭਾਵ, ਜੋ ਪ੍ਰਾਣੀ ਬਿਲਕੁਲ ਹੀ ਮੂੜ੍ਹ ਹੋਵੇ), 'ਨਾਨਕ' ! ਅਜਿਹਾ ਮੂਰਖ ਪ੍ਰਾਣੀ ਵੀ ਸਾਧ ਸੰਗਤ ਵਿਚ ਮਿਲ ਕੇ ਵਿਦਵਾਨ ਹੋ ਜਾਂਦਾ ਹੈ, ਪਰ ਇਹ ਦੈਵੀ ਸੰਪਤੀ ਭਾਗ ਉਦੇ ਹੋਣ ਤੇ ਹੀ ਮਿਲਦੀ ਹੈ।੩੧।

**ਸਾਰੰਸ਼** :–ਪੂਰਬਲੇ ਭਾਗਾਂ ਦੇ ਉਦੇ ਹੋਣ ਤੇ ਹੀ ਸਤਸੰਗਤ ਦਾ ਮੇਲ ਪ੍ਰਾਪਤ ਹੁੰਦਾ ਹੈ । ਸਾਧ ਸੰਗਤ ਵਿਚ ਮੂਰਖ ਵੀ ਸਿਆਣੇ ਹੋ ਨਿਬੜਦੇ ਹਨ ।੩੧।

**ਕੰਠ ਰਮਣੀਯ ਰਾਮ ਰਾਮ ਮਾਲਾਂ**
**ਹਸਤ ਊਚ ਪ੍ਰੇਮ ਧਾਰਣੀ ॥**
**ਜੀਹ ਭਣਿਜੋ ਉਤਮ ਸਲੋਕ**
**ਉਧਰਣੰ ਨੈਨ ਨੰਦਨੀ ॥੩੨॥**

**ਪਦ ਅਰਥ** –ਕੰਠ–ਗਲਾ । ਰਮਣੀਯ–ਰਵਣ ਜੋਗ । ਹਸਤ-ਊਚ–ਗੋਮੁਖੀ, ਇਕ ਗੁੱਥੀ ਜਿਸ ਵਿਚ ਮਾਲਾ ਵਾਲਾ ਹੱਥ ਢਕ ਕੇ ਲੁਕਵੇਂ ਢੰਗ ਨਾਲ ਮਾਲਾ ਫੇਰੀ ਜਾਂਦੀ ਹੈ । ਪ੍ਰੇਮ ਧਾਰਣੀ–ਪ੍ਰੇਮ ਦੀ ਧਾਰਨਾ ਕਰਨੀ । ਜੀਹ–ਜੀਭ । ਭਣਿਜੋ–ਉਚਾਰਦਾ ਹੈ । ਉਧਰਣੰ–ਉਧਰ ਜਾਂਦਾ ਹੈ । ਨੈਨ ਨੰਦਨੀ–ਨੈਣਾਂ ਨੂੰ ਅਨੰਦ ਦੇਣ ਵਾਲੀ, ਮੋਹਣੀ ਮਾਇਆ ।੩੨।

**ਅਰਥ** :–ਜਿਹੜਾ ਪ੍ਰਾਣੀ ਗਲੇ ਤੋਂ ਰਵਣ ਜੋਗ ਰਾਮ ਰਾਮ ਦੇ ਨਿਰੰਤਰ ਉਚਾਰਨ ਨੂੰ ਮਾਲਾ ਬਣਾਉਂਦਾ ਹੈ, ਜਿਸ ਵਾਸਤੇ ਪ੍ਰੇਮ ਦਾ ਧਾਰਨੀ ਹੋਣਾ ਗੋਮੁਖੀ (ਮਾਲਾ ਵਾਲੇ ਹੱਥ ਉਤੇ ਚੜ੍ਹਾਉਣ ਵਾਲੀ ਗੁੱਥੀ) ਹੈ ਜੋ ਰਸਨਾ ਦੁਆਰਾ ਸਦਾ ਸਿਫ਼ਤ ਸਲਾਹ ਦੀ ਉਤਮ ਬਾਣੀ ਉਚਾਰਦਾ ਰਹਿੰਦਾ ਹੈ, ਉਹ ਨਿਰਸੰਦੇਹ ਮੋਹਣੀ ਮਾਇਆ (ਦੇ ਜਾਲ) ਤੋਂ ਬਚ ਜਾਂਦਾ ਹੈ ।੩੨।

**ਸਾਰੰਸ਼**:–ਪ੍ਰੇਮ ਸਹਿਤ ਰਾਮਨਾਮ ਦੇ ਸਿਮਰਨ ਕਰਨ ਦੀ ਬਰਕਤ ਨਾਲ ਹੀ 'ਤੀਨ ਲੋਕ ਕੀ ਪਿਆਰੀ' ਮਾਇਆ ਦੀਆਂ ਫਾਹੀਆਂ ਤੋਂ ਛੁਟਕਾਰਾ ਹੋ ਸਕਦਾ ਹੈ ।੩੨।

---

## ਸ਼ਹੀਦ ਦੀ ਯਾਦ ਵਿਚ ਲੁਧਿਆਣੇ ਗੁਰਮਤਿ ਸਮਾਗਮ

ਵੈਸਾਖੀ ੧੯੭੮ ਦੇ ਸ਼ਹੀਦ ਗੁਰਚਰਨ ਸਿੰਘ ਜੀ ਦੀ ਯਾਦ ਵਿਚ ਪਰਵਾਰ ਵਲੋਂ, ਉਨ੍ਹਾਂ ਦੇ ਗ੍ਰਹਿ ਵਿਖੇ ੩ ਜੁਲਾਈ ਨੂੰ ਅਖੰਡਪਾਠ ਰਖੇ ਜਾਣਗੇ ਅਤੇ ੫ ਜੁਲਾਈ ਐਤਵਾਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ । ਸੰਗਤਾਂ ਦਰਸ਼ਨ ਦੇ ਕੇ ਧੰਨਵਾਦੀ ਬਣਾਉਣ ।

ਦਾਸਰੇ–ਵੀਰ ਪਰਵਾਰ, ੧੬ ਚੀਮਾ ਪਾਰਕ, ਮਾਡਲ ਗਰਾਮ ਰੇਲਵੇ ਸਟੇਸ਼ਨ, ਲੁਧਿਆਣਾ

## ਲੁਧਿਆਣੇ ਵਿਖੇ ਅਖੰਡਪਾਠ ਤੇ ਕੀਰਤਨ-ਸਮਾਗਮ

ਸ: ਪਾਲ ਸਿੰਘ ਜਾਇੰਟ ਡਾਇਰੈਕਟਰ ਖੇਤੀ ਬਾੜੀ ਪੰਜਾਬ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਸਪੁਤਰ ਦੇ ਅਨੰਦ ਕਾਰਜ ਸਮੇਂ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਵਿਚ ੪ ਜੁਲਾਈ ਸ਼ਨੀਵਾਰ ਨੂੰ ਸਵੇਰੇ ਅਖੰਡਪਾਠ ਦੇ ਭੋਗ ਪੈਣਗੇ ਅਤੇ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਅਨੰਦ ਕਾਰਜ ਹੋ ਕੇ ੧੧ ਵਜੇ ਸਮਾਪਤੀ ਹੋਵੇਗੀ । ਸੰਗਤਾਂ ਦਰਸ਼ਨ ਬਖਸ਼ਣ ।



www.AKJ.Org

# ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ

## [ਕਿਸ਼ਤ ੩੨ਵੀਂ, ਲੜੀ ਜੋੜਨ ਲਈ ਵੇਖੋ 'ਸੂਰਾ' ਜੂਨ ੧੯੮੧]

[ਵਲੋਂ :--ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

*ਨੋਟ ਚਲਦਾ–*

ਅਹਿਮਦਸ਼ਾਹ ਅਜੇ ਚਨਾਬ ਦੇ ਆਸ ਪਾਸ ਹੀ ਹੋਵੇਗਾ ਜਦ ਖਾਲਸਾ ਜੀ ਨੇ ਵਿਸਾਖੀ ਪਿਛੋਂ ਗੁਰਮਤਾ ਕਰ ਕੇ ਲਾਹੌਰ ਉਤੇ ਪੱਕਾ ਕਬਜ਼ਾ ਕਰ ਲੈਣ ਲਈ, ਲਾਹੌਰ ਨੂੰ ਆ ਘੇਰਿਆ । ਵਿਸਾਖ ਵਦੀ ੧੧ ਸੰਮਤ ੧੮੨੨ ਬਿ: ਨੂੰ ਕਿਲ੍ਹੇ ਉਤੇ ਵੀ ਕਬਜ਼ਾ ਕਰ ਲਿਆ । ਕਾਬਲੀ ਮੱਲ ਸੂਬੇਦਾਰ ਲਾਹੌਰ ਅਹਿਮਦਸ਼ਾਹ ਦੇ ਨਾਲ ਸੀ । ਉਸ ਦੀ ਹੁਣ ਸ਼ਾਹ ਨੂੰ ਕੋਈ ਲੋੜ ਨਹੀਂ ਸੀ, ਇਸ ਲਈ ਉਸ ਨੇ ਚਨਾਬ ਲੰਘਣ ਲੱਗਿਆਂ ਕਾਬਲੀ ਮੱਲ ਨੂੰ ਲਾਹੌਰ ਵਾਪਸ ਜਾਣ ਲਈ ਕਹਿ ਦਿਤਾ । ਕਾਬਲੀ ਮੱਲ ਨੂੰ ਏਥੇ ਜਦ ਇਹ ਖ਼ਬਰ ਮਿਲ ਗਈ ਕਿ ਲਾਹੌਰ ਉਤੇ ਤਾਂ ਖਾਲਸਾ ਜੀ ਨੇ ਕਬਜ਼ਾ ਕਰ ਲਿਆ ਹੈ ਤਾਂ ਉਹ ਰਣਜੀਤ ਦੇਵ ਜਮੂੰ ਵਾਲੇ ਨਾਲ ਜਮੂੰ ਚਲਿਆ ਗਿਆ ।

ਇਸ ਵਿਚ ਕੀ ਸ਼ੱਕ ਹੈ ਕਿ ਜੋ ਖ਼ਬਰ ਕਾਬਲੀ ਮੱਲ ਨੇ ਸੁਣ ਲਈ, ਉਹ ਅਹਿਮਦਸ਼ਾਹ ਤੱਕ ਨਾ ਅੱਪੜੀ ਹੋਊ । ਉਸ ਨੇ ਵੀ ਚਨਾਬ-ਕੰਢੇ ਜ਼ਰੂਰ ਸੁਣ ਲਿਆ ਹੋਵੇਗਾ ਕਿ ਖਾਲਸਾ ਜੀ ਨੇ ਮੇਰੀਆਂ ਅਖਾਂ ਦੇ ਸਾਮ੍ਹਣੇ ਹੀ ਲਾਹੌਰ ਨੂੰ ਕਬਜ਼ੇ ਵਿਚ ਕਰ ਲਿਆ ਹੈ । ਕਮਜ਼ੋਰ ਤੋਂ ਕਮਜ਼ੋਰ ਆਦਮੀ ਵੀ ਆਪਣੀ ਇਕ ਟੱਪ ਜ਼ਮੀਨ ਤੋਂ ਮਰਨ ਮਾਰਨ ਤੀਕ ਜਾਂਦਾ ਹੈ । ਕੋਈ ਵੀ ਆਪਣਾ ਹੱਕ ਅਜਾਈਂ ਤੇ ਪੋਲੇ ਪੋਗੀਂ ਕਿਸੇ ਨੂੰ ਦਬਾਉਣ ਨਹੀਂ ਦੇਂਦਾ । ਲਾਹੌਰ ਸ਼ਹਿਰ ਕੋਈ ਲੂਲੀ ਭਠਿਆਰੀ ਦਾ ਭੱਠ ਨਹੀਂ ਕਿ ਇਸ ਦਾ ਕੋਈ ਮੁਲ ਹੀ ਨਹੀਂ ਸੀ । ਇਹ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ । ਉਸ ਸਮੇਂ ਪੰਜਾਬ ਦੀ ਰਾਜਧਾਨੀ ਸੀ । ਅਹਿਮਦਸ਼ਾਹ ਦੀ ਮਲਕੀਅਤ ਹੈ । ਉਸ ਦੇ ਗਵਰਨਰ ਦਾ ਏਥੇ ਨਿਵਾਸ ਹੈ । ਇਹ ਇਕ ਬੜੇ ਜਮ-ਜਮਾ ਵਾਲਾ ਸ਼ਹਿਰ ਹੈ । ਪਰ ਹੈਰਾਨੀ ਦੀ ਗੱਲ ਹੈ ਕਿ ਇਸ ਦੇ ਮੱਲੇ ਜਾਣ ਦੀ ਖ਼ਬਰ ਸੁਣ ਕੇ ਜਿਥੇ ਇਸ ਦੇ ਗਵਰਨਰ ਕਾਬਲੀ ਮੱਲ ਅਤੇ ਇਸ ਦੇ ਮਾਲਿਕ ਪਾਤਸ਼ਾਹ ਨੂੰ ਤੜਪ ਉਠਣਾ ਚਾਹੀਦਾ ਸੀ, ਉਥੇ ਉਹ ਸਗੋਂ ਇਸ ਨੂੰ ਸਿਖਾਂ ਦੇ ਪੰਜੇ ਚੋਂ ਆਜ਼ਾਦ ਕਰਾਉਣ ਲਈ ਕੋਈ ਫ਼ੌਰੀ ਕਾਰ-ਵਾਈ ਕਰਨ ਦੀ ਬਜਾਏ ਆਪਣੀਆਂ ਜਾਨਾਂ ਬਚਾਉਣ ਲਈ ਲਾਹੌਰ ਤੋਂ ਪਰ੍ਹਾਂ ਨੂੰ ਭਜਦੇ ਹਨ । ਅਹਿਮਦ ਸ਼ਾਹ ਅਫ਼ਗਾਨਿਸਤਾਨ ਵੱਲ ਨੂੰ ਤੇ ਕਾਬਲੀ ਮੱਲ ਜੱਮੂੰ ਵਾਲੇ ਪਾਸੇ ।

ਅਹਿਮਦ ਸ਼ਾਹ ਚਨਾਬ-ਕੰਢੇ ਹੈ । ਲਾਹੌਰ ਦੀਆਂ ਕੰਧਾਂ ਦੇ ਪਰਛਾਵੇਂ ਵੀ ਏਥੋਂ ਤਕ ਅੱਪੜ ਜਾਂਦੇ ਹਨ । ਇਕ ਹਿਸਾਬ ਨਾਲ ਉਹ ਲਾਹੌਰ ਦੀਆਂ ਕੰਧਾਂ ਦੇ ਪਰਛਾਵਿਆਂ ਵਿਚ ਹੀ ਬੈਠਾ ਹੈ ਜਦ ਉਸ ਨੂੰ ਇਹ ਵੰਗਾਰ ਭਰੀ ਖ਼ਬਰ ਮਿਲਦੀ ਹੈ । ਜੇ ਉਸ ਵਿਚ ਕੁਝ ਜੁਰਅਤ ਹੁੰਦੀ ਤਾਂ ਉਹ ਸ਼ੂਟ ਮਾਰ ਕੇ ਲਾਹੌਰ ਆਉਂਦਾ ਤੇ ਇਸ ਨੂੰ ਖਾਲਸੇ ਦੇ ਕਬਜ਼ੇ ਚੋਂ ਛੁਡਾਉਂਦਾ । ਪਰ ਆਉਂਦਾ ਕਿਵੇਂ ? ਉਹ ਤਾਂ ਖਾਲਸਾ ਜੀ ਤੋਂ ਮਸਾਂ ਮਸਾਂ ਖਹਿੜਾ ਛੁਡਾ ਕੇ, ਡਰਦਾ ਵਾਹੋ ਦਾਹੀ ਆਪਣੇ ਮੁਲਕ ਨੂੰ ਨੱਸਿਆ ਜਾਂਦਾ ਸੀ । ਜਿਸ ਖਾਲਸਾ ਜੀ ਦੀ ਤੇਗ ਤੋਂ ਡਰਦਾ ਉਹ ਬਿਆਸ ਲੰਘ ਕੇ ਲਾਹੌਰ ਵਲ ਆਉਣ ਲਈ ਮੂੰਹ ਨਹੀਂ ਕਰਦਾ ਕਿ ਚੰਦ ਦਿਨ ਰੁਕ ਕੇ ਆਰਾਮ ਹੀ ਕਰ ਸਕੇ, ਉਹ ਉਸ ਲਾਹੌਰ ਵੱਲ ਕਦ ਆ ਸਕਦਾ ਸੀ, ਜਿਸ ਨੂੰ ਹੁਣ ਖ਼ਾਲਸਾ ਅ । ਿ ਲੀ ਬੈਠੇ ਸਨ । ਓਦੋਂ ਲਾਹੌਰ ਵਿਚ ਵੜ ਕੇ ਫਿਰ ਨਿਕਲਣਾ ਔਖਾ ਸੀ, ਹੁਣ ਲਾਹੌਰ ਤਕ ਆਉਣਾ ਹੀ ਮੁਸ਼ਕਲ ਸੀ । ਲਾਹੌਰ ਉਤੇ ਕਬਜ਼ੇ ਦੀ ਗੱਲ ਨੂੰ ਸੁਣ ਕੇ ਮਾਂ ਦੇ ਦੁੱਧ ਵਾਂਗ ਪੀ ਗਿਆ । ਫੋਕੀਆਂ ਫੜਾਂ ਮਾਰਨ ਵਾਲੇ ਸ਼ਾਹ ਦਾ ਇਹ ਹਾਲ ਸੀ । ਉਸ ਨੇ ਸਿੰਘਾਂ ਤੋਂ ਬਚ ਨਿਕਲਣ ਵਿਚ ਹੀ ਆਪਣੀ ਜਿਤ ਸਮਝੀ ।

**ਸਵਰਨ ਸਿੰਘ]**



www.AKJ.Org

## ਲਾਹੌਰ ਸ਼ਹਿਰ ਉਤੇ ਸਿੰਘਾਂ ਦੇ ਪੱਕੇ ਕਬਜ਼ੇ ਦਾ ਵੇਰਵਾ--

੧੦ ਅਪਰੈਲ ੧੭੬੫ ਨੂੰ ਵਿਸਾਖੀ ਦਾ ਪੁਰਬ ਸ੍ਰੀ ਅੰਮ੍ਰਿਤਸਰ ਵਿਚ ਖਾਲਸਾ ਜੀ ਨੇ ਬੜੀ ਧੂਮ ਧਾਮ ਨਾਲ ਮਨਾਇਆ। ਫੂਲਕੀਆਂ ਮਿਸਲ ਨੂੰ ਛਡ ਕੇ, ਤਰੁਣਾ ਦਲ ਤੇ ਬੁਢਾ ਦਲ ਦੀਆਂ ਬਾਕੀ ਸਾਰੀਆਂ ਮਿਸਲਾਂ ਦੇ ਸੂਰਬੀਰ ਸਿੰਘ ਕਾਫ਼ੀ ਗਿਣਤੀ ਵਿਚ ਏਥੇ ਇਕੱਠੇ ਹੋਏ ਹੋਏ ਸਨ। ਇਨ੍ਹਾਂ ਵਿਚ ਇਸ ਵੇਲੇ ਸ: ਜਸਾ ਸਿੰਘ ਆਹਲੂਵਾਲੀਆ, ਸ: ਜੈ ਸਿੰਘ ਕਨ੍ਹਈਆ, ਸ: ਹਰੀ ਸਿੰਘ ਭੰਗੀ, ਸ: ਗੁਜਰ ਸਿੰਘ ਭੰਗੀ, ਸ: ਝੰਡਾ ਸਿੰਘ ਭੰਗੀ, ਸ: ਗੰਡਾ ਸਿੰਘ ਭੰਗੀ, ਸ: ਚੜ੍ਹਤ ਸਿੰਘ ਸੁਕਰਚਕੀਆ, ਸ: ਜੱਸਾ ਸਿੰਘ ਰਾਮਗੜ੍ਹੀਆ, ਆਦਿ ਉਘੇ ਸਰਦਾਰ ਏਥੇ ਮੌਜੂਦ ਸਨ। ਇਨ੍ਹਾਂ ਸਾਰਿਆਂ ਨੇ ਮਿਲ ਕੇ ਗੁਰਮਤਾ ਸੋਧਿਆ ਕਿ ਅਹਿਮਦਸ਼ਾਹ ਨੂੰ ਮੁਲਕੋਂ ਦਬੱਲਣ ਪਿਛੋਂ ਲਗਦੇ ਹੱਥ ਲਾਹੌਰ ਉਤੇ ਪੱਕਾ ਕਬਜ਼ਾ ਕਰ ਲੈਣਾ ਚਾਹੀਦਾ ਹੈ। ਇਹ ਮੌਕਿਆ ਬੜਾ ਸੁਨਹਿਰੀ ਹੈ, ਕਿਉਂਕਿ ਲਾਹੌਰ ਦਾ ਗਵਰਨਰ ਕਾਬਲੀ ਮੱਲ ਅਹਿਮਦਸ਼ਾਹ ਨਾਲ ਗਿਆ ਹੋਇਆ ਹੈ ਤੇ ਫੇਰ ਉਸ ਨੇ ਉਨ੍ਹਾਂ ਦੀ ਸੂਹ ਅਨੁਸਾਰ ਲਾਹੌਰ ਦੀ ਰਾਖੀ ਲਈ ਜੰਮੂ ਤੋਂ ੨੦੦੦ ਡੋਗਰੇ ਬੰਦੂਕਚੀ ਭਰਤੀ ਕਰਨ ਵੀ ਜਾਣਾ ਹੈ।

ਕਾਬਲੀ ਮੱਲ ਨੂੰ ਅਹਿਮਦਸ਼ਾਹ ਨੇ ਭਾਵੇਂ ਲਾਹੌਰ ਵਾਪਸ ਜਾਣ ਲਈ ਆਗਿਆ ਦੇ ਦਿਤੀ ਸੀ, ਪਰ ਉਹ ਚਾਹੁੰਦਾ ਸੀ ਕਿ ਦੋ ਹਜ਼ਾਰ ਡੋਗਰੇ ਵੀ ਇਸ ਇਲਾਕੇ ਵਿਚੋਂ ਭਰਤੀ ਕਰ ਕੇ ਲੈ ਜਾਵੇ। ਉਹ ਫ਼ੌਰੀ ਤੌਰ ਤੇ ਲਾਹੌਰ ਨੂੰ ਨਹੀਂ ਮੁੜਿਆ, ਸਗੋਂ ਛੇਤੀ ਛੇਤੀ ਭਰਤੀ ਦੇ ਕੰਮ ਵਿਚ ਲੱਗ ਗਿਆ।

ਗੁਰਮਤਾ ਸੋਧਿਆ ਜਾ ਚੁਕਾ ਸੀ। ਇਹ ਸੋਹਣਾ ਮੌਕਿਆ ਵੇਖ ਕੇ ਸ: ਜੱਸਾ ਸਿੰਘ ਆਹਲੂਵਾਲੀਆ, ਸ: ਲਹਿਣਾ ਸਿੰਘ ਭੰਗੀ ਤੇ ਸ: ਗੁਜਰ ਸਿੰਘ ਭੰਗੀ ਅਤੇ ਹੋਰ ਦੂਸਰੇ ਸਰਦਾਰਾਂ ਕੂਚ ਕਰ ਕੇ ਰਣਗੜ੍ਹ ਵਣੀਏ ਕੇ ਜਾ ਮਨਜ਼ਲ ਕੀਤੀ। ਏਥੋਂ ਦੋ ਹਜ਼ਾਰ ਫੌਜ ਨਾਲ ਲੈ ਕੇ ਲਾਹੌਰ ਵਲ ਨੂੰ ਸੂਟ ਮਾਰੀ ਤੇ ਰਾਤ ਬਾਗਬਾਨਪੁਰੇ ਜਾ ਡੇਰਾ ਕੀਤਾ। ਕਿਲ੍ਹੇ ਵਿਚਲੇ ਮੁਲਾਜ਼ਮ ਪੂਰਬੀਆਂ ਨਾਲ ਗੱਲ ਬਾਤ ਤੋਰੀ ਕਿ ਜੇ ਉਹ ਕਿਲ੍ਹੇ ਉਤੇ ਕਬਜ਼ਾ ਕਰਾਉਣ ਵਿਚ ਸਹਾਇਤਾ ਦੇਣਗੇ ਤਾਂ ਉਨ੍ਹਾਂ ਨੂੰ ਕਬਜ਼ਾ ਹੋ ਜਾਣ ਪਿਛੋਂ ਮੂੰਹ-ਮੰਗੇ ਇਨਾਮ ਦਿਤੇ ਜਾਣਗੇ। ਪੂਰਬੀਏ ਡਰਦੇ ਮਾਰੇ ਸਿਰ ਫੇਰ ਗਏ। ਬਾਗਬਾਨਪੁਰ ਦੇ ਕੁਝ ਅਰਾਈਂ ਕਿਲ੍ਹੇ ਵਿਚ ਮਾਲੀਆਂ ਦਾ ਕੰਮ ਕਰਦੇ ਸਨ। ਜਦ ਉਨ੍ਹਾਂ ਨਾਲ ਗੱਲ ਚਲਾਈ ਤਾਂ ਉਹ ਤਕੜਾ ਇਨਾਮ ਤੇ ਬਖ਼ਸ਼ਿਸ਼ ਲੈਣਾ ਕਰ ਕੇ ਸਹਾਇਤਾ ਲਈ ਮੰਨ ਗਏ। ਇਹ ਸਨ ਨਕਰਾ ਜੱਟ, ਮਹਿਰ ਸੁਲਤਾਨ, ਗ਼ੁਲਾਮ ਰਸੂਲ, ਅਸ਼ਰਫ਼, ਚਨੂੰ ਅਤੇ ਬਾਕਰ।[1] ਇਹ ਅਗਵਾਈ ਕਰ ਕੇ ਸਿੰਘਾਂ ਨੂੰ ਕਿਲ੍ਹੇ ਦੀ ਦੀਵਾਰ ਦੀ ਉਸ ਬਾਹੀ ਪਾਸ ਉਸ ਥਾਂ ਲੈ ਗਏ ਜਿਥੋਂ ਪਾੜ ਲਾਉਣਾ ਆਸਾਨ ਸੀ ਤੇ ਖੜਾਕ ਨਾਲ ਅਲਾਧ ਹੋਣ ਦਾ ਵੀ ਕੋਈ ਖ਼ਤਰਾ ਨਹੀਂ ਸੀ। ਬੱਸ ਫਿਰ ਕੀ ਸੀ, ਬੜੀ ਫੁਰਤੀ ਨਾਲ ਪਾੜ ਲੱਗ ਗਿਆ।

ਸ: ਗੁਜਰ ਸਿੰਘ ਭੰਗੀ ੫੦ ਸਿੰਘਾਂ ਨਾਲ ਇਸ ਪਾੜ ਥਾਣੀ ਅੰਦਰ ਲੰਘ ਗਿਆ।[2] ਸ: ਲਹਿਣਾ ਸਿੰਘ ਨਾਲ ਪਹਿਲਾਂ ਤੋਂ ਮਿਥੇ ਇਸ਼ਾਰੇ ਵਜੋਂ, ਅਹਿਮਦ ਸ਼ਾਹ ਦੇ ਲਕੜੀ ਦੇ ਬਣੇ ਗੁੰਬਦ ਵਾਲੇ ਸਾਇਬਾਨ ਨੂੰ

---

੧. ਡਾ: ਹਰੀ ਰਾਮ ਗੁਪਤਾ–ਹਿਸਟਰੀ ਆਫ਼ ਦੀ ਸਿਖਸ II, ਸਫ਼ਾ ੨੨੮; ਡਾ: ਗੰਡਾ ਸਿੰਘ ਜੀ ਨੇ ਪ੍ਰਿੰਸੀਪਲ ਸੀਤਾ ਰਾਮ ਕੋਹਲੀ ਜੀ ਦੇ ਇਕ ਨੋਟ ਦਾ ਹਵਾਲਾ ਦੇਂਦਿਆਂ ਆਪਣੀ ਪ੍ਰਸਿਧ ਪੁਸਤਕ "ਅਹਿਮਦਸ਼ਾਹ ਦੁਰਾਨੀ" (ਅੰਗ੍ਰੇਜ਼ੀ) ਵਿਚ ਸਫ਼ਾ ੩੦੮ ਉਤੇ ਲਿਖਿਆ ਹੈ–"ਬਾਗਬਾਨ ਪੁਰੇ ਦੇ ਇਸ ਮੀਆਂ ਘਰਾਣੇ ਨੇ ਪਿਛੋਂ ਭੰਗੀਆਂ ਵਿਰੁਧ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਕਰ ਕੇ ਉਸ ਦਾ ਲਾਹੌਰ ਦੇ ਇਸ ਕਿਲ੍ਹੇ ਉਤੇ ਕਬਜ਼ਾ ਕਰਾਇਆ। ਇਹ ਉਹੋ ਘਰਾਣਾ ਹੈ ਜਿਸ ਨੇ ਬਾਅਦ ਵਿਚ ਅੰਗ੍ਰੇਜ਼ਾਂ ਨੂੰ ਲਾਹੌਰ ਉਤੇ ਆਪਣਾ ਰਾਜ ਸਥਾਪਤ ਕਰਨ ਵਿਚ ਸਹਾਇਤਾ ਦਿਤੀ। ਮੀਆਂ ਮੁਹੰਮਦ ਸ਼ਫ਼ੀ, ਮੀਆਂ ਸ਼ਾਹ ਦੀਨ ਅਤੇ ਝਬਦੇ ਬੇਗਮ ਸ਼ਾਹ ਨਿਵਾਜ਼ (ਮੁਸਲਮ ਲੀਗ ਦੇ ਲੀਡਰ) ਏਸ ਘਰਾਣੇ ਚੋਂ ਹੋਏ ਹਨ। ਡਾ: ਗੰਡਾ ਸਿੰਘ–ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਫ਼ਾ ੧੬੮

੨. ਪੰਜਾਬ ਚੀਫ਼ਸ (ਅੰਗ੍ਰੇਜ਼ੀ) I, ਪੰਨਾ ੩੩੮ ਅਨੁਸਾਰ ਸ: ਗੁਜਰ ਸਿੰਘ ਇਕ ਬਦਰ-ਰੌ ਰਾਹੀਂ ਕਿਲ੍ਹੇ ਦੇ ਅੰਦਰ ਲੰਘਿਆ ਸੀ।



www.AKJ.Org

ਅੱਗ ਲਾ ਦਿਤੀ ਗਈ। ਇਸ ਅੱਗ ਨੂੰ ਵੇਖ ਕੇ ਲਹਿਣਾ ਸਿੰਘ ਤੇ ਉਸ ਦੇ ਨਾਲ ਦੇ ਸੈਨਿਕ ਵੀ ਕਿਲ੍ਹੇ ਵਿਚ ਜਾ ਵੜੇ। ਇਹ ਵਿਸਾਖ ਵਦੀ ੧੧ ਸੰਮਤ ੧੮੨੨ ਬਿ:, ਮੁਤਾਬਕ ੧੬ ਅਪ੍ਰੈਲ ੧੭੬੫ ਈ: ਵਾਲੀ ਰਾਤ ਦੀ ਗੱਲ ਹੈ। ਸਵੇਰੇ ਕਾਬਲੀ ਮੱਲ ਦੇ ਭਾਣਜੇ ਬਖਸ਼ੀ ਅਮੀਰ ਸਿੰਘ, ਜੋ ਕਾਬਲੀ ਮੱਲ ਦਾ ਕਾਇਮ ਮੁਕਾਮ ਵੀ ਸੀ, ਤੇ ਬਖਸ਼ੀ ਦੇ ਅਹੁਦੇ ਤੇ ਸੀ, ਨੇ ਸ਼ਹਿਰ ਦੀ ਫ਼ਸੀਲ ਤੋਂ ਤੋਪ ਨਾਲ ਕੁਝ ਗੋਲੇ ਕਿਲ੍ਹੇ ਉਤੇ ਚਲਾਏ। ਪਰ ਛੇਤੀ ਹੀ ਤਾਰਾ ਸਿੰਘ ਮੁਜ਼ੰਗ ਵਾਲੇ ਨੇ ਅਗੇ ਵਧ ਕੇ ਸਿਰਫ਼ ੨੫ ਸਿੰਘਾਂ ਨਾਲ ਬਖਸ਼ੀ ਅਮੀਰ ਸਿੰਘ ਦਿਆਂ ਫੌਜੀਆਂ ਅਤੇ ਤੋਪਚੀਆਂ ਨੂੰ ਦਬੱਲ ਕਢਿਆ। ਬਖਸ਼ੀ ਅਮੀਰ ਸਿੰਘ ਤੇ ਕਾਬਲੀ ਮੱਲ ਦੇ ਜਵਾਈ ਜਗਨ ਨਾਥ ਨੂੰ ਗ੍ਰਿਫ਼ਤਾਰ ਕਰ ਕੇ ਮੁਜ਼ੰਗ ਵਿਚ ਕੈਦ ਕਰ ਦਿਤਾ।[3] ਇਨ੍ਹਾਂ ਦੇ ਨਾਲ ਕਾਬਲੀ ਮੱਲ ਦੇ ਹੋਰ ਸਾਕ ਸੰਬੰਧੀ ਵੀ ਨਜ਼ਰਬੰਦ ਕਰ ਦਿਤੇ ਗਏ।

ਸਵੇਰੇ ਸ: ਸੋਭਾ ਸਿੰਘ ਕਨ੍ਹਈਆ ਨਿਆਜ਼ ਬੇਗ ਵਾਲਾ ਵੀ ਆਪਣੇ ੨੦੦ ਅਸਵਾਰ ਲੈ ਕੇ ਭੰਗੀ ਸਰਦਾਰਾਂ ਨਾਲ ਆਣ ਮਿਲਿਆ। ਉਸਨੇ ਦੀਵਾਨ ਲਖਪਤ ਰਾਏ ਦੇ ਭਤੀਜੇ ਮੇਘ ਰਾਜ ਖਤਰੀ ਦੀ ਹਵੇਲੀ ਵਿਚ ਆਪਣਾ ਡੇਰਾ ਲਾ ਲਿਆ। ਇਸ ਤਰ੍ਹਾਂ ਵਿਸਾਖ ਵਦੀ ੧੨, ੧੮੨੨ ਬਿ: ਨੂੰ ਪਹਿਰ ਦਿਨ ਚੜ੍ਹੇ ਤਕ ਕਿਲ੍ਹਾ ਤੇ ਸਾਰਾ ਸ਼ਹਿਰ ਲਾਹੌਰ, ਸਿੰਘਾਂ ਦੇ ਕਬਜ਼ੇ ਵਿਚ ਆ ਚੁਕਾ ਸੀ। ਉਮਾਦਤੁ-ਤਵਾਰੀਖ਼ ਵਿਚ ਜ਼ਿਕਰ ਹੈ ਕਿ ਖਾਲਸਾ ਜੀ ਦੇ ਲਾਹੌਰ ਉਤੇ ਕਬਜ਼ਾ ਕਰ ਲੈਣ ਨਾਲ ਲਾਹੌਰ ਦਿਆਂ ਵਸਨੀਕਾਂ ਨੂੰ ਕਾਬਲੀ ਮੱਲ ਦੇ ਜ਼ੁਲਮੀ ਰਾਜ ਤੋਂ ਛੁਟਕਾਰਾ ਮਿਲ ਗਿਆ। ਹਰ ਪਾਸੇ ਖੁਸ਼ੀਆਂ ਤੇ ਚਾਵਾਂ ਦੀ ਲਹਿਰ ਬਹਿਰ ਹੋ ਗਈ ਅਤੇ ਇੰਜ ਲਗਦਾ ਸੀ ਜਿਵੇਂ ਪਿੰਜਰੇ ਪਏ ਪੰਛੀਆਂ ਦੀ ਕੈਦ ਮੁਕਣ ਤੇ ਬੰਦ-ਖਲਾਸੀ ਹੋ ਗਈ ਹੋਵੇ, ਤੇ ਉਹ ਹਵਾ ਵਿਚ ਇਕ ਵਾਰ ਫਿਰ ਚਹਿਚਹਾਉਣ ਤੇ ਉਡਾਰੀਆਂ ਮਾਰਨ ਲੱਗ ਪਏ ਹੋਣ। ਸਾਰੇ ਦੇਸ ਵਿਚ ਖੁਸ਼ੀਆਂ ਤੇ ਨਵੇਂ ਰੰਗਾਂ ਢੰਗਾਂ ਦੀ ਕਾਂਗ ਉਮਡ ਆਈ।

## *ਸਿੰਘਾਂ ਨੇ ਲੋਟੂਆਂ ਤੇ ਗੁੰਡਿਆਂ ਨੂੰ ਨਥਾਂ ਪਾ ਦਿਤੀਆਂ--*

ਸ਼ਹਿਰ ਉਤੇ ਕਬਜ਼ੇ ਪਿਛੋਂ ਤਿੰਨਾਂ ਸਰਦਾਰਾਂ ਦੇ ਕੁਝ ਸਿਪਾਹੀਆਂ ਨੇ ਲਾਲਚ ਵਿਚ ਆ ਕੇ ਬੇ-ਮੁਹਾਰੇ ਹੋ ਕੇ ਸ਼ਹਿਰੀਆਂ ਨੂੰ ਲੁਟਣਾ ਸ਼ੁਰੂ ਕਰ ਦਿਤਾ। ਇਨ੍ਹਾਂ ਦੇ ਵੇਖਾ-ਵੇਖੀ ਲਾਹੌਰ ਗਿਰਦੇ ਪਿੰਡਾਂ ਦਿਆਂ ਲੋਕਾਂ ਵੀ ਸ਼ਹਿਰ ਵਿਚ ਆ ਕੇ ਲੁਟ-ਮਾਰ ਸ਼ੁਰੂ ਕਰ ਦਿਤੀ। ਮਿਲੀ ਆਜ਼ਾਦੀ ਤੇ ਖੁਸ਼ੀਆਂ ਤਬਾਹੀ ਮੂੰਹ ਜਾਂਦੀਆਂ ਵੇਖ ਕੇ, ਸ਼ਹਿਰ ਦੇ ਉਘੇ ਤੇ ਪਤਵੰਤੇ ਸਜਣ ਚੋਧਰੀ ਰੂਪਾ, ਸਯਦ ਮੀਰ ਨਥੂ ਸ਼ਾਹ, ਹਾਫ਼ਿਜ਼ ਕਾਦਰ ਬਖਸ਼, ਮੀਆਂ ਮੁਹੰਮਦ ਆਸ਼ਕ. ਦੀਵਾਨ ਸੂਰਤ ਸਿੰਘ ਦੇ ਪੋਤਰੇ ਲਾਲਾ ਬਿਸ਼ਨ ਸਿੰਘ ਤੇ ਲਾਲਾ ਮਹਿਰਾਜ ਸਿੰਘ ਪਰ੍ਹੇ ਬਣਾ ਕੇ ਸਰਦਾਰਾਂ ਨੂੰ ਕਿਲ੍ਹੇ ਵਿਚ ਜਾ ਕੇ ਮਿਲੇ। ਗਲਬਾਤ ਦੇ ਦੋਰਾਨ ਇਨ੍ਹਾਂ ਪਤਵੰਤਿਆਂ ਨੇ ਸਰਦਾਰਾਂ ਨੂੰ ਬੇਨਤੀ ਕੀਤੀ ਕਿ ਇਸ ਸ਼ਹਿਰ ਨੂੰ "ਕੋਠਾ ਗੁਰੂ" ਆਖਦੇ ਹਨ। ਲਾਹੌਰ ਸ਼ਹਿਰ ਵਿਖੇ ਚੋਥੀ ਪਾਤਸ਼ਾਹੀ, ਸਾਹਿਬ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਹੈ–ਆਪ ਜੀ ਨੂੰ ਇਸ ਦੀ ਹਿਫ਼ਾਜ਼ਤ ਤੇ ਆਦਰ-ਸਤਿਕਾਰ ਬਣਦਾ ਹੈ। ਜੇ ਤੁਸਾਂ ਇਸ ਦੀ ਹਿਫਾਜ਼ਤ ਤੇ ਨਿਗਾਹਬਾਨੀ ਕੀਤੀ ਤਾਂ ਤੁਹਾਡੀ ਚੜ੍ਹਦੀ ਕਲਾ ਹੋਵੇਗੀ, ਤੁਸੀਂ ਖੁਸ਼ਹਾਲ ਤੇ ਮਾਲਾ ਮਾਲ ਹੋ ਜਾਓਗੇ, ਪਰ ਜੇ ਇਹ ਨਗਰੀ ਤੁਹਾਡੇ ਹਥੋਂ ਖ਼ਰਾਬ ਹੋਈ ਤਾਂ ਤੁਹਾਨੂੰ ਵੀ ਕੋਈ ਨਫ਼ਾ ਨਹੀਂ ਹੋਣਾ, ਤੁਹਾਡਾ ਵੀ ਨੁਕਸਾਨ ਹੀ ਨੁਕਸਾਨ ਹੈ। ਸਰਦਾਰਾਂ ਨੇ ਬੜੇ ਸਤਿਕਾਰ ਨਾਲ ਗੱਲ ਸੁਣੀ ਤੇ ਹਰ ਤਰ੍ਹਾਂ ਦੀ ਹਿਫਾਜ਼ਤ ਦਾ ਭਰੋਸਾ ਦੇ ਕੇ ਪਰ੍ਹੇ ਨੂੰ ਵਿਦਾ ਕੀਤਾ। ਫ਼ੋਰੀ ਹੁਕਮ ਦੇ ਕੇ ਸ਼ਹਿਰ ਦੀ ਫ਼ਸੀਲ ਦੇ ਦਰਵਾਜ਼ੇ ਬੰਦ ਕਰਵਾ ਦਿਤੇ, ਤਾਕਿ ਬਾਹਰੋਂ ਕੋਈ ਆ ਕੇ ਸ਼ਹਿਰ ਵਿਚ ਲੁਟ-ਮਾਰ ਜਾਂ ਕੋਈ ਹੋਰ ਖ਼ਰਾਬੀ ਨਾ ਕਰ ਸਕੇ। ਸਾਰੇ ਸ਼ਹਿਰ ਵਿਚ ਡੌਂਡੀ ਪਿਟਵਾ ਦਿਤੀ ਕਿ ਕੋਈ ਵੀ ਆਦਮੀ ਸ਼ਹਿਰ ਵਿਚ ਕਿਸੇ ਕਿਸਮ

੩. ਡਾ: ਹਰੀ ਰਾਮ ਗੁਪਤਾ–ਹਿਸਟਰੀ ਆਫ਼ ਦੀ ਸਿਖਸ–II, ਸਫ਼ਾ ੨੨੮; ਉਮਦਾਤੁ–ਤਵਾਰੀਖ਼, ਦਫ਼ਤਰ ਪਹਿਲਾ, ਸਫ਼ਾ ੧੬੩ ਅਨੁਸਾਰ ਅਮੀਰ ਸਿੰਘ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ ਜਦ ਉਹ ਨਾਚ ਰੰਗ ਦੀ ਮਹਿਫ਼ਲ ਵਿਚ ਰੁਝਾ ਸੀ।



www.AKJ.Org

ਦੀ ਖਰਾਬੀ ਜਾਂ ਵਧੀਕੀ ਨਾ ਕਰੇ। ਇਸ ਤਰ੍ਹਾਂ ਕਰਨ ਵਾਲੇ ਨੂੰ ਬੜੀ ਇਬਰਤਨਾਕ (ਕਰੜੀ) ਸਜ਼ਾ ਦਿਤੀ ਜਾਵੇਗੀ। ਕਿਸੇ ਨਾਲ ਕੋਈ ਲਿਹਾਜ਼ ਨਹੀਂ ਹੋਵੇਗਾ। ਸ਼ਹਿਰੀਆਂ ਵਿਚ ਭਰੋਸਾ ਪੈਦਾ ਕਰਨ ਲਈ ਤੇ ਲੋਟੂਆਂ ਦੇ ਦਿਮਾਗ ਦਰੁਸਤ ਕਰਨ ਲਈ ਦੋਵੇਂ ਸਰਦਾਰ ਘੋੜਿਆਂ ਉਤੇ ਸਵਾਰ ਹੋ ਕੇ ਹੱਥਾਂ ਵਿਚ ਸੋਟੇ ਲੈ ਕੇ ਸ਼ਹਿਰ ਦੇ ਬਾਜ਼ਾਰਾਂ-ਮਹੱਲਿਆਂ ਤੇ ਗਲੀ-ਕੂਚਿਆਂ ਵਿਚ ਚੱਕਰ ਲਾਉਣ ਲੱਗੇ। ਜਿਸ ਕਿਸੇ ਨੂੰ ਕਿਧਰੇ ਕੋਈ ਖਰਾਬੀ ਕਰਦੇ ਨੂੰ ਵੇਖਿਆ, ਸੋਟਿਆਂ ਨਾਲ ਤੂੜੀ ਵਾਂਗ ਉਡਾ ਦਿਤਾ। ਖਰਾਬ ਅਨਸਰ ਸ਼ਹਿਰੋਂ ਬਾਹਰ ਤਰੇਡ ਦਿਤਾ। ਨਾਲ ਹੀ ਸ: ਸੋਭਾ ਸਿੰਘ ਨੂੰ ਵੀ ਅਖਵਾ ਭੇਜਿਆ ਕਿ ਤੂੰ ਵੀ ਸ਼ਹਿਰ ਦੇ ਤੀਜੇ ਹਿਸੇ ਦਾ ਮਾਲਿਕ ਹੈਂ, ਇਸ ਲਈ ਜਲਦੀ ਸਵਾਰ ਹੋ ਕੇ ਆ ਤੇ ਸ਼ਹਿਰ ਵਿਚ ਅਮਨ-ਅਮਾਨ ਕਰਨ ਵਿਚ ਸਹਾਇਕ ਹੋ। ਚੁਨਾਂਚਿ ਤਿੰਨਾਂ ਸਰਦਾਰਾਂ ਨੇ ਸ਼ਹਿਰ ਵਿਚ ਅਮਨ-ਅਮਾਨ ਕਾਇਮ ਕਰਨ ਲੋਟੂਆਂ ਤੇ ਗੁੰਡਿਆਂ ਨੂੰ ਦਫਾ ਕਰਨ, ਚੰਗਾ ਰਾਜ-ਪਰਬੰਧ ਕਾਇਮ ਕਰਕੇ ਪਰਜਾ ਨੂੰ ਪੂਰਾ ਪੂਰਾ ਸੁਖ ਦੇਣ ਲਈ ਵਧ ਤੋਂ ਵਧ ਤਾਣ ਲਾਇਆ। ਅਮਨ ਚੈਨ ਦਾ ਰਾਜ ਕਾਇਮ ਹੋ ਗਿਆ।[੪] ਸ਼ਹਿਰ ਦਾ ਕਾਰੋਬਾਰ ਫਿਰ ਉਸੇ ਤਰ੍ਹਾਂ ਚੱਲਣ ਲੱਗ ਪਿਆ, ਮਾਨੋ ਹੋਇਆ ਹੀ ਕੁਝ ਨਹੀਂ। ਕਾਬਲੀ ਮੱਲ ਦੇ ਪਰਵਾਰ ਨੂੰ ਵੀ ਕੈਦ ਵਿਚੋਂ ਛਡ ਦਿਤਾ (ਪੰਥ ਪ੍ਰਕਾਸ਼ ਸਫ਼ਾ ੮੯੧ ਅਨੁਸਾਰ ੩੦ ਹਜ਼ਾਰ ਭੁੰਗਾ ਲੈ ਕੇ।) ਤੇ ਉਨ੍ਹਾਂ ਨੂੰ ਵੀ ਖੁਲ੍ਹ ਦੇ ਦਿਤੀ ਕਿ ਉਹ ਵੀ ਆਪਣਾ ਕਾਰੋਬਾਰ ਆਪਣੀ ਮਰਜ਼ੀ ਮੁਤਾਬਕ ਕਰਨ। ਉਨ੍ਹਾਂ ਵਿਚੋਂ ਜਿਨ੍ਹਾਂ ਜੰਮੂ ਜਾਣ ਦੀ ਖ਼ਾਹਿਸ਼ ਜ਼ਾਹਿਰ ਕੀਤੀ, ਉਨ੍ਹਾਂ ਨੂੰ ਜੰਮੂ ਜਾਣ ਦੀ ਇਜਾਜ਼ਤ ਦੇ ਦਿਤੀ।

## *ਲਾਹੌਰ ਸ਼ਹਿਰ ਤਿੰਨਾਂ ਹਿਸਿਆਂ ਵਿਚ ਵੰਡਿਆ ਗਿਆ--*

ਲਾਹੌਰ ਉਤੇ ਸਿੰਘਾਂ ਦਾ ਪੱਕਾ ਕਬਜ਼ਾ ਹੋ ਗਿਆ ਸੀ। ਤਿੰਨੇ ਸਰਦਾਰ ਆਲਾ ਦਰਜੇ ਦੇ ਪ੍ਰਬੰਧਕ ਸਨ। ਆਪਣੇ ਆਪਣੇ ਪ੍ਰਬੰਧ ਨੂੰ ਹੋਰ ਮਾਂਜਣ ਸਵਾਰਨ ਬਦਲੇ ਤਿੰਨਾਂ ਫੈਸਲਾ ਕੀਤਾ ਕਿ ਸ਼ਹਿਰ ਦੇ ਤਿੰਨ ਹਿੱਸੇ ਕਰ ਕੇ ਉਨ੍ਹਾਂ ਦੀ ਹੱਦਬੰਦੀ ਆਪੋ ਵਿਚ ਨਿਯਤ ਕਰ ਲਈ ਜਾਵੇ।

(ੳ) ਲਾਹੌਰ ਦਾ ਦਖਣੀ ਹਿਸਾ ਨਿਆਜ਼ਬੇਗ ਤਕ, ਜੋ ਲਗਪਗ ਲਾਹੌਰੋਂ ੧੩ ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਰਾਵੀ ਦਰਿਆ ਦੇ ਕੰਢੇ ਤੇ ਹੈ, ਮੁਜ਼ੰਗ, ਕੋਟ ਅਬਦੁਲਾ ਸ਼ਾਹ, ਇਛਰਾ ਤੇ ਚੁਬੁਰਜੀ ਸਮੇਤ ਸ: ਸੋਭਾ ਸਿੰਘ ਦੇ ਹਿਸੇ ਆਇਆ। ਸ: ਸੋਭਾ ਸਿੰਘ ਦਾ ਮੁਕਾਮ ਔਰੰਗਜ਼ੇਬ ਦੀ ਇਤਿਹਾਸ ਪ੍ਰਸਿਧ ਬੇਟੀ ਜ਼ੇਬ ਉੱਨਿਸਾ ਦੇ ਬਾਗ ਵਿਚ ਸੀ। ਇਸ ਨੂੰ ਜ਼ੇਬਿੰਦਾ ਬੇਗਮ ਦੇ ਨਾਉਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਸਰਦਾਰ ਨੇ ਇਸ ਨੂੰ ਇਕ ਤਕੜੇ ਕਿਲ੍ਹੇ ਦੀ ਸ਼ਕਲ ਦੇ ਦਿਤੀ ਤੇ ਇਸ ਦਾ ਨਾਉਂ ਨਵਾਂ ਕੋਟ ਪਿਆ। ਇਹ ਲਾਹੌਰੋਂ ਮੁਲਤਾਨ ਨੂੰ ਜਾਣ ਵਾਲੀ ਵੱਡੀ ਸੜਕ ਉਤੇ ਲਾਹੌਰ ਅਤੇ ਨਿਆਜ਼ਬੇਗ ਦੇ ਸਨ੍ਹ ਵਿਚ ਹੈ।

(ਅ) ਸ: ਗੁਜਰ ਸਿੰਘ ਦੇ ਹਿਸੇ ਪੂਰਬੀ ਹਿਸਾ, ਕਾਬਲੀ ਮੱਲ ਦੀ ਹਵੇਲੀ ਤੋਂ ਲੈ ਕੇ ਸ਼ਾਲਾਮਾਰ ਬਾਗ ਤਕ ਆਇਆ। ਆਪਣੇ ਇਸ ਹਿਸੇ ਦੇ ਵਿਚਕਾਰ ਉਸ ਨੇ ਇਕ ਕਿਲ੍ਹਾ ਬਣਾਇਆ ਜੋ ਦੀਵਾਰਾਂ ਤੋਂ ਰਹਿਤ ਸੀ। ਅੱਜ ਵੀ ਇਸ ਜਗ੍ਹਾ ਨੂੰ ਕਿਲ੍ਹਾ ਗੁਜਰ ਸਿੰਘ ਨਾਮ ਨਾਲ ਯਾਦ ਕੀਤਾ ਜਾਂਦਾ ਹੈ।[੫]

(ੲ) ਸ਼ਹਿਰ ਦਾ ਕੇਂਦਰੀ ਭਾਗ, ਕਿਲ੍ਹਾ ਤੇ ਰੌਸ਼ਨਾਈ, ਕਸ਼ਮੀਰੀ, ਖ਼ਿਜ਼ਰੀ ਤੇ ਮਸਤੀ ਦਰਵਾਜ਼ਿਆਂ ਤੀਕ ਸ: ਲਹਿਣਾ ਸਿੰਘ ਦੇ ਹਿਸੇ ਆਇਆ।

---

੪. ਮੁਫਤੀ ਅਲੀ ਉੱਦੀਨ–ਇਬਰਤ ਨਾਮਾ ੨੩੭–੩੯; ਜੱਸਾ ਸਿੰਘ ਬਿਨੋਦ ਉਰਦੂ, ਸਫ਼ਾ ੧੧੮–੧੯; ਸੋਹਨ ਲਾਲ ਸੂਰੀ–ਉਮਦਾਤੁ–ਤਵਾਰੀਖ਼, ਪਹਿਲਾ ਦਫ਼ਤਰ, ਸਫ਼ਾ ੧੬੩-੬੪।

੫. ਸੋਹਨ ਲਾਲ ਸੂਰੀ ਉਮਦਾਤੁ ਤਵਾਰੀਖ਼, ਦਫ਼ਤਰ ਪਹਿਲਾ, ਸਫ਼ਾ ੧੬੩ ਅਤੇ ਕਿਤਾਬ-ਏ-ਤਾਰੀਖ਼ੇ ਪੰਜਾਬ, ਕ੍ਰਿਤ ਖ਼ੁਸ਼ਵਕਤ ਰਾਏ, ਸਫ਼ਾ ੧੨੯ ਅਨੁਸਾਰ ਸ: ਗੁਜਰ ਸਿੰਘ ਨੇ ਇਸ ਜਗ੍ਹਾ ਉਤੇ ਕਬਜ਼ਾ ਕਰਨ ਤੋਂ ਪਹਿਲਾਂ, ਇਹ ਥਾਂ ਚੋਰਾਂ ਤੇ ਬਦਮਾਸ਼ਾਂ ਦੇ ਲੁਕਣ ਦਾ ਕੰਮ ਦੇਂਦੀ ਸੀ। ਸ: ਗੁਜਰ ਸਿੰਘ ਨੇ ਇਸ ਉਤੇ ਕਬਜ਼ਾ ਕਰ ਕੇ ਲੋਕਾਂ

[ਬਾਕੀ ਨੋਟ ੩੧ ਸਫ਼ੇ ਹੇਠ]



www.AKJ.Org

## ਸ: ਚੜ੍ਹਤ ਸਿੰਘ ਦੇ ਹਿਸੇ ਜ਼ਮਜ਼ਮਾ ਤੋਪ–

ਲਾਹੌਰ ਸ਼ਹਿਰ ਉਤੇ ਪੱਕਾ ਕਬਜ਼ਾ ਹੋ ਜਾਣ ਦੀ ਖ਼ਬਰ ਸੁਣ ਕੇ ਸ: ਚੜ੍ਹਤ ਸਿੰਘ ਵੀ ਆਣ ਧਮਕਿਆ ਤੇ ਇਸ ਲੋਟੀ ਵਿਚੋਂ ਆਪਣਾ ਹਿਸਾ ਮੰਗਿਆ। ਲਾਹੌਰ ਨੂੰ ਮੱਲ ਕੇ ਵੰਡਣ ਵਾਲੇ ਤਿੰਨੇ ਸਰਦਾਰ ਦੇਣਾ ਭਾਵੇਂ ਕੁਝ ਵੀ ਨਹੀਂ ਸਨ ਚਾਹੁੰਦੇ, ਪਰ ਦਿਲੋਂ ਇਹ ਵੀ ਜਾਣਦੇ ਸਨ ਕਿ ਐਡੇ ਗੂੜ੍ਹੇ ਯਾਰ ਤੇ ਏਨੇ ਡਕੜੇ ਸਰਦਾਰ ਨੂੰ ਗੁਸੇ ਕਰ ਕੇ ਦੁਸ਼ਮਣੀ ਸਹੇੜਨੀ ਵੀ ਅਕਲਮੰਦੀ ਨਹੀਂ। ਇਕ ਚਾਲ ਚਲੀ ਜਿਸ ਨਾਲ ਟਾਲਾ ਹੋ ਜਾਵੇ ਤੇ ਵਿਗਾੜ ਨਾ ਪਵੇ। ਬੜੇ ਚਾਅ ਤੇ ਉਤਸ਼ਾਹ ਨਾਲ ਉਸ ਨੂੰ ਕਹਿਆ ਕਿ ਤੇਰੇ ਲਈ ਸ਼ਾਹੀ ਬੁਰਜ ਵਿਚ (ਲਾਹੌਰ ਦੇ ਪਛਮ ਵਿਚ) ਪਈ ਹੋਈ ਜ਼ਮਜ਼ਮਾ ਨਾਮ ਵਾਲੀ ਤੋਪ ਰਾਖਵੀਂ ਰਖੀ ਹੋਈ ਹੈ। ਲਾਹੌਰ ਉਤੇ ਕਬਜ਼ੇ ਕਾਰਨ ਜੋ ਮਾਲ ਹੱਥ ਆਇਆ ਹੈ ਉਸ ਵਿਚੋਂ ਇਹ ਸਭ ਤੋਂ ਉਤਮ ਤੇ ਕੀਮਤੀ ਵਸਤੂ ਹੈ। ਸਰਦਾਰਾਂ ਦਾ ਖ਼ਿਆਲ ਸੀ ਕਿ ਇਸ ਪਾਸ ਕੋਈ ਹਾਥੀ ਜਾਂ ਬਲਦ ਤਾਂ ਹੈ ਨਹੀਂ, ਲੈ ਕਿਧਰ ਜਾਵੇਗਾ, ਇਹ ਵੀ ਤਾਂ ਸਾਡੇ ਪਾਸ ਹੀ ਰਹੇਗੀ। ਸ: ਚੜ੍ਹਤ ਸਿੰਘ ਨੂੰ ਵੀ ਇਹਸਾਸ ਹੋ ਗਿਆ ਕਿ ਹੁਣ ਹੋਰ ਕੁਝ ਤਾਂ ਹੱਥ ਨਹੀਂ ਆਉਣਾ, ਚਲੋ ਇਹ ਤੋਪ ਹੀ ਸਹੀ। ਆਪਣੇ ੨੦੦੦ ਸੈਨਿਕ ਬੁਲਾਏ ਤੇ ਤੋਪ ਨੂੰ ਧੂਹ ਕੇ ਆਪਣੇ ਕੰਪੂ ਵਿਚ ਲੈ ਗਿਆ। ਫਿਰ ਰਾਵੀ ਦਰਿਆ ਪਾਰ ਟਪਾਈ ਤੇ ਗੁਜਰਾਂਵਾਲੇ ਲਿਜਾ ਕੇ ਆਪਣੇ ਕਿਲ੍ਹੇ ਵਿਚ ਜਾ ਟਿਕਾਈ।[੬]

## ਖਾਲਸੇ ਦਾ ਸਿੱਕਾ ਫਿਰ ਜਾਰੀ ਹੋਣਾ–

ਲਾਹੌਰ ਪੰਜਾਬ ਦੀ ਰਾਜਧਾਨੀ ਸੀ। ਇਹ ਅਬਦਾਲੀ ਨੂੰ ਲਲਕਾਰ ਕੇ ਮੱਲੀ ਸੀ। ਇਸ ਦੇ ਕਬਜ਼ੇ ਨਾਲ ਸਾਰਾ ਪੰਜਾਬ ਖਾਲਸੇ ਦੇ ਤਹਿਤ ਵਿਚ ਆ ਗਿਆ। ਖਾਲਸੇ ਨੇ ਹੁਣ ਤਕ ਤੇਗ ਨਾਲ ਜੋ ਘਾਲਾਂ ਘਾਲੀਆਂ ਸਨ, ਜਿੰਨੇ ਸੀਸ ਤੇ ਲਹੂ ਮਿਝ ਦੇ ਦਰਿਆ ਸਤਿਗੁਰਾਂ ਦੀ ਚਰਨ ਛੁਹ ਨਾਲ ਪਵਿੱਤਰ ਹੋਈ ਧਰਤੀ ਤੋਂ ਵਾਰੇ ਸਨ, ਉਨ੍ਹਾਂ ਦਾ ਸਿੱਟਾ ਨਿਕਲਿਆ ਕਿ ਸਿੰਘ ਆਪਣੀ ਤਕਦੀਰ ਤੇ ਆਪਣੇ ਦੇਸ਼ ਦੇ ਹੁਣ ਆਪ ਮਾਲਕ ਬਣ ਗਏ। ਤੇਗਾਂ ਨਾਲ ਦੇਸ਼ ਦੇ ਦੋਖੀ ਤੇ ਜਰਵਾਣੇ ਅੱਗੇ ਲਾ ਕੇ ਹੱਦੋਂ ਬਾਹਰ ਭਜਾ ਦਿਤੇ ਸਨ। ਅਮਨ-ਅਮਾਨ ਦਾ ਰਾਜ ਕਾਇਮ ਹੋ ਗਿਆ। ਸਾਰੇ ਲੋਕ ਕਾਰ ਵਿਹਾਰ ਵਿਚ ਬਿਨਾਂ ਖ਼ੌਫ਼ ਖਤਰੇ ਦੇ ਜੁਟ ਗਏ ਤੇ ਦੇਸ਼ ਵਿਚ ਬਹਾਰ ਅ ਗਈ। ਰਿਜ਼ਕ ਪਦਾਰਥਾਂ ਦਾ ਤੋੜਾ ਨਾ ਰਿਹਾ। ਇਹ ਸਭ ਕੁਝ ਸਤਿਗੁਰਾਂ ਦੀ ਅਪਾਰ ਬਖਸ਼ਿਸ਼ ਤੇ ਸਿਖਾਂ ਦੇ ਸਿਦਕ ਤੇ ਸਿਰੜ ਦੇ ਕਾਰਨ ਸੀ। ਕੋਈ ਕੌਮ ਸਮੁੱਚੇ ਤੌਰ ਤੇ ਏਨਾ ਹਠ ਨਹੀਂ ਵਿਖਾ ਸਕੀ ਤੇ ਨਾ ਏਡਾ ਕਰੜਾ ਇਮਤਿਹਾਨ ਹੀ ਪਾਸ ਕਰ ਸਕੀ ਹੈ। ਹੁਣ ਜਦ ਰਾਜ ਭਾਗ ਹੱਥ ਆਇਆ ਤਾਂ ਹਉਮੈ ਨਹੀਂ ਆਈ, ਸਗੋਂ ਸਿਦਕ ਭਰੋਸਾ ਚੜ੍ਹਦੀ ਕਲਾ ਵਿਚ ਗਿਆ। ਮਨ ਹੋਰ ਨੀਵਾਂ ਹੋਇਆ ਤੇ ਮੱਤ ਉਚੀ ਹੋਈ। ਰਾਜ ਦੇ ਸਿੱਕੇ ਵਿਚ, ਜੋ ਹੁਣ ਦੂਜੀ ਵਾਰ ਲਾਹੌਰ ਵਿਚ ਬਣਿਆ, ਉਹੋ ਹੀ ਸ਼ਬਦ ਉਕਰੇ ਜੋ ਖਾਲਸਾ ਰਾਜ ਦੇ ਪਹਿਲੇ ਆਗੂ ਬਾਬਾ ਬੰਦਾ ਸਿੰਘ ਜੀ ਦੀ ਸਰਕਾਰੀ ਮੁਹਰ ਪਰ ਉਕਰੇ ਹੋਏ ਸਨ, ਅਤੇ ਜਿਨ੍ਹਾਂ ਨੂੰ ਖਾਲਸੇ ਦੇ ਪਹਿਲੇ ਸੁਲਤਾਨ ਸ: ਜੱਸਾ ਸਿੰਘ ਆਹਲੂਵਾਲੀਏ ਨੇ ਲਾਹੌਰ ਵਿਚ ਪਹਿਲੇ ਕਬਜ਼ੇ ਵੇਲੇ ਪੰਥ ਦੀ ਹਦਾਇਤ ਤੇ ਪ੍ਰਵਾਨਗੀ ਨਾਲ ਜਾਰੀ ਕੀਤਾ ਸੀ। ਸਿੱਕੇ ਦੇ ਸਾਮ੍ਹਣੇ ਪਾਸੇ ਫ਼ਾਰਸੀ

---

[**੩੦ ਸਫੇ ਦੇ ਨੋਟ ਦੀ ਬਾਕੀ**] ਨੂੰ ਏਥੇ ਵੱਸਣ ਲਈ ਸੱਦਾ ਦਿਤਾ। ਪਾਣੀ ਦੇ ਪਰਬੰਧ ਲਈ ੪੦ ਖੂਹ ਲਵਾਏ। ੧੨ ਭਠੇ ਤੇ ੧੫ ਦੁਕਾਨਾਂ ਖੁਲ੍ਹਵਾਈਆਂ। ਵਸਾਏ ਹੋਏ ਕੁਲ ਘਰਾਂ ਦੀ ਗਿਣਤੀ ੧੫੦ ਸੀ। ੪ ਫਲਾਂ ਦੀਆਂ ਦੁਕਾਨਾਂ, ੨੦ ਫਲਾਂ ਵਾਲਿਆਂ ਦੀਆਂ ਦੁਕਾਨਾਂ, ੪ ਚਮੜੇ ਦਾ ਕੰਮ ਕਰਨ ਦੀਆਂ (ਚਮੜਾ ਸੋਧਣ ਵਾਲਿਆਂ ਦੀਆਂ) ਦੁਕਾਨਾਂ, ੨ ਹਿੰਦੂ ਦੁਕਾਨਦਾਰ, ਇਕ ਲੁਹਾਰ, ਇਕ ਤਰਖਾਣ ਤੇ ਇਕ ਨਾਈ ਦੀ ਦੁਕਾਨ ਸੀ। ਇਨ੍ਹਾਂ ਤੋਂ ਬਿਨਾਂ ਬਾਕੀ ਖੇਤੀ ਬਾੜੀ ਕਰਨ ਵਾਲੇ ਕਿਰਤੀ ਕਿਸਾਨ ਸਨ। ਏਥੇ ਇਕ ਮਸਜਦ ਵੀ ਤਾਮੀਰ ਕੀਤੀ ਗਈ ਸੀ।

ਤਹਿਕੀਕਾਤੇ ਚਿਸ਼ਤੀ, ਸਫ਼ਾ ੨੯੦–੯੧।

੬. ਉਮਦਾਤੁ-ਤਵਾਰੀਖ, ਦਫਤਰ ਦੂਜਾ, ਪੰਨਾ ੧੨; ਬੂਟੇ ਸ਼ਾਹ—ਤਾਰੀਖ਼-ਏ-ਪੰਜਾਬ, ਸਫ਼ਾ ੩੦੯–ੳ-ਅ।



www.AKJ.Org

ਅਖਰਾਂ ਵਿਚ ਇਹ ਸ਼ਬਦ ਸਨ :– ਦੇਗੋ ਤੇਗੋ ਫ਼ਤਹ ਵ ਨੁਸਰਤ ਬੇਦਰੰਗ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਅਰਥਾਤ, ਦੇਗ (ਲੰਗਰ) ਚਲਾਉਣ ਦੀ ਬਖਸ਼ਿਸ਼, ਤੇਗ ਵਾਹੁਣ ਦੀ ਸ਼ਕਤੀ, ਤੇ ਅਥਾਹ ਸਹਾਇਤਾ ਸਾਹਿਬ ਸਤਿਗੁਰੂ ਨਾਨਕ ਦੇਵ ਅਤੇ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਬਖਸ਼ਿਸ਼ ਹੋਈਆਂ।

ਸਿੱਕੇ ਦੇ ਪਿਛਲੇ ਪਾਸੇ ਫ਼ਾਰਸੀ ਅਖਰਾਂ ਵਿਚ ਹੀ ਇਹ ਸ਼ਬਦ ਉਕਰੇ ਸਨ–

ਜ਼ਰਬ ਦਾਰਅਲ-ਸਲਤੁਨਤ ਲਾਹੌਰ ਸੰਮਤ ੧੮੨੨ ਬਿ:

ਅਰਥਾਤ, ਸਿੱਕਾ ਮਾਰਿਆ (ਬਣਾਇਆ ਜਾ ਢਾਲਿਆ) ਰਾਜਧਾਨੀ ਲਾਹੌਰ ਵਿਖੇ ਸੰਮਤ ੧੮੨੨ ਬਿ:। ਮਿਸਲਦਾਰ ਸਰਦਾਰਾਂ ਨੇ ਵੀ ਇਹੋ ਸਿੱਕਾ ਜਾਰੀ ਰਖਿਆ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਵੀ ਏਸੇ ਨੂੰ ਚਾਲੂ ਰਖਿਆ। ਸਿਰਫ਼ ਸਿੱਕਾ ਮਾਰਨ ਵਾਲਾ ਅਸਥਾਨ ਤੇ ਸੰਮਤ ਹੀ ਲੋੜ ਅਨੁਸਾਰ ਬਦਲੇ ਜਾਂਦੇ ਹਨ।

ਲਾਹੌਰ ਉਤੇ ਕਬਜ਼ਾ ਕਰਨ ਪਿਛੋਂ ਸਿੰਘਾਂ ਸਰਦਾਰਾਂ ਨੇ ਆਪਣੇ ਪਹਿਲੇ ਮੱਲੇ ਹੋਏ ਇਲਾਕਿਆਂ ਵਿਚ ਕਿੰਨਾ ਕਿੰਨਾ ਵਾਧਾ ਕੀਤਾ, ਇਸ ਦਾ ਜ਼ਿਕਰ ਪਿਛੋਂ ਕੀਤਾ ਜਾਵੇਗਾ, ਪਹਿਲਾਂ ਮੈਂ ਕਾਜ਼ੀ ਜੀ ਦੀ ਜ਼ਬਾਨੀ ਅਹਿਮਦਸ਼ਾਹ ਦਾ ਚਨਾਬ ਨੂੰ ਪਾਰ ਕਰਨ ਦਾ ਹਾਲ ਤੇ ਰੁਹਤਾਸ ਤੋਂ ਅਗੇ ਅਫ਼ਗਾਨਿਸਤਾਨ ਨੂੰ ਉਸਦੀ ਰਵਾਨਗੀ ਆਪਣੇ ਪਾਠਕਾਂ ਨੂੰ ਸੁਣਾਉਣਾ ਚਾਹੁੰਦਾ ਹਾਂ। ਸਿੰਘ ਚਨਾਬ-ਕੰਢੇ ਤਕ ਉਸ ਦਾ ਖੁਰਾ ਨੱਪੀ ਆਏ, ਪਰ ਲਾਹੌਰ ਉਤੇ ਹੋਣ ਵਾਲੇ ਕਬਜ਼ੇ ਦੇ ਵੇਰਵੇ ਨੇ ਉਹ ਲੜੀ ਕਾਫ਼ੀ ਦੇਰ ਤਕ ਤੋੜ ਛਡੀ ਹੈ।

## (ਪਾਤਸ਼ਾਹ ਦਾ) ਦਰਿਆ ਝਨਾਂ ਨੂੰ ਲੰਘਣਾ ਤੇ ਲੋਕਾਂ ਦਾ ਡੁਬਣਾ--

**ਇਸ ਬਿਆਨ ਵਿਚ ਕਾਜ਼ੀ ਹੁਰੀਂ ਕਹਿੰਦੇ ਹਨ :**

[ਜੰਗਨਾਮਾ ਸਫਾ ੧੯੮, ਬੰਦ ਨੰਬਰ ਇਕ ਤੋਂ ਅਗੇ, ੨੦੩ ਸਫਾ ਤਕ]

''ਜਦ ਪਾਤਸ਼ਾਹ ਝਨਾਂ ਦਰਿਆ-ਕੰਢੇ ਅਪੜਿਆ ਤਾਂ ਉਥੇ ਮਨਜ਼ਲ ਕਰ ਕੇ ਉਨ੍ਹਾਂ ਰਾਤ ਕਟੀ। ਅਗਲੇ ਸਵੇਰੇ ਫੌਜ ਨੂੰ ਪਾਰ ਉਤਾਰਨ ਲਈ ਰਾਹ ਦੀ ਭਾਲ ਕਰਨ ਲੱਗੇ। ਕਿਸੇ ਨੇ ਆ ਕੇ ਦਸਿਆ ਕਿ ਏਥੋਂ ਪੰਜ ਕੋਹ ਉਤਲੇ ਪਾਸੇ (ਚੜ੍ਹਦੇ ਪਾਣੀ ਨੂੰ) ਪਹਾੜ ਦਿਆਂ ਪੈਰਾਂ ਲਾਗੇ ਦਰਿਆ ਅੱਠਾਂ ਹਿਸਿਆਂ ਨਾਲਿਆਂ ਵਿਚ) ਵੰਡਿਆ ਜਾਂਦਾ ਹੈ ਤੇ ਉਥੋਂ ਗਾਹਣ ਪਾ ਕੇ ਲੰਘਣਾ ਸੁਖਾਲਾ ਹੋਵੇਗਾ। ਸੋ ਸਾਰਾ ਲਸ਼ਕਰ ਉਸ ਪਾਸੇ ਨੂੰ ਹੋ ਤੁਰਿਆ। ਬਾਰ ਬਰਦਾਰੀ ਵਾਲੇ ਪਸ਼ੂ ਵੀ ਉਥੇ ਹਿਕ ਲਿਆਂਦੇ। ਪਹਿਲੇ ਨਾਲੇ ਤਾਂ ਬੜੇ ਸੁਖਾਲੇ ਹੀ ਲੰਘੋ ਗਏ, ਪਰ ਅਗਲੇ ਦੋ ਨਾਲੇ ਬੜੇ ਤੇਜ਼ ਰਫਤਾਰ ਤੇ ਡੂੰਘੇ ਸਨ। ਉਨ੍ਹਾਂ ਦੀ ਤੇਜ਼ ਰਫ਼ਤਾਰੀ, ਡੂੰਘਿਆਈ ਤੇ ਪਾਣੀ ਦੀ ਬਹੁਤਾਤ ਨੇ ਤਾਂ ਅਕਲ ਭੁਲਾ ਦਿਤੀ। ਤੂੰ ਸੁਣ ਧਿਆਨ ਨਾਲ ਉਥੇ ਦੀ ਵਪਾਰੀ! ਇਹ ਦਰਿਆ ਕੀ, ਸਗੋਂ ਇਕ ਖ਼ੂਨੀ ਸਮੁੰਦਰ ਸੀ। ਭਾਰੇ ਤੋਂ ਭਾਰਾ ਪਥਰ ਵੀ ਪਾਣੀ ਤਿਨਕੇ ਵਾਂਗ ਰੋੜ੍ਹ ਕੇ ਲੈ ਜਾਂਦਾ ਸੀ। ਲਹਿਰਾਂ ਵਿਚ ਕਿਤੇ ਅਟਕ ਨਹੀਂ ਸੀ ਸਕਦਾ। ਉਥੇ ਮੁਰਗਾਬੀ ਦੀ ਵੀ ਕੋਈ ਪੇਸ਼ ਨਹੀਂ ਸੀ ਜਾਂਦੀ, ਕਿਸ਼ਤੀ ਨੇ ਤਾਂ ਕੀ ਤਰ ਸਕਣਾ ਸੀ। ਸਾਰਾ ਲਸ਼ਕਰ ਤੇ ਬਾਰ-ਬਰਦਾਰੀ ਦੇ ਪਸ਼ੂ ਜਦ ਪਾਰ ਹੋਣ ਲਈ ਉਨ੍ਹਾਂ ਵਿਚ ਆਣ ਵੜੇ ਤਾਂ ਪਾਣੀ ਦੇ ਜ਼ੋਰ ਨਾਲ ਸਾਰੇ ਰੁੜ੍ਹਨੇ ਸ਼ੁਰੂ ਹੋ ਗਏ। ਮਾਲ-ਅਸਬਾਬ ਨਾਲ ਲੱਦੇ-ਲਦਾਏ ਹਜ਼ਾਰਾਂ ਊਠ, ਹਜ਼ਾਰਾਂ ਕੱਸੇ ਕਸਾਏ ਘੋੜੇ, ਬੇਅੰਤ ਖੋਤੇ ਖਚਰਾਂ, ਬੇਹਿਸਾਬ ਗਾਈਆਂ, ਬਲਦ ਤੇ ਮਝਾਂ, ਬੇਓੜਕਾ ਮਾਲ-ਅਸਬਾਬ, ਤੰਬੂ ਕਨਾਤਾਂ, ਰੁਪਇਆ ਪੈਸਾ, ਮਰਦ ਔਰਤਾਂ ਸਭੇ ਰੁੜ੍ਹੇ ਜਾਂਦੇ ਸਨ। ਉਦੋਂ ਇੰਜ ਲੱਗ ਰਿਹਾ ਸੀ ਕਿ ਕਿਆਮਤ ਦਾ ਦਿਨ ਆ ਪੁਜਾ ਹੈ। ਇਸ ਦਿਨ ਮੈਂ ਵੀ ਇਕ ਘੋੜੇ ਉਤੇ ਸਵਾਰ ਕਤਾਰ ਵਿਚ ਤੁਰਿਆ ਜਾਂਦਾ ਸਾਂ। ਮੇਰੇ ਸੱਜੇ ਹੱਥ ਉਤਲੇ ਪਾਸੇ ਹਜ਼ਾਰਾਂ ਊਠਾਂ ਦੀਆਂ ਕਤਾਰਾਂ ਸਨ। ਜਦ ਭਾਰ ਦੇ ਲੱਦੇ ਊਠ ਰੁੜ੍ਹਨ ਲਗੇ ਤਾਂ ਉਨ੍ਹਾਂ ਲਦਿਆਂ ਊਠਾਂ ਉਤੇ ਸਵਾਰ ਔਰਤਾਂ ਵੀ ਤੇਜ਼ ਪਾਣੀ ਵਿਚ ਡਿੱਗ



www.AKJ.Org

ਕੇ ਰੁੜ੍ਹਨ ਲਗੀ ਪਈਆਂ। ਇਸ ਭਿਆਨਕ ਕਿਸਮ ਦੀ ਮੱਚੀ ਹੋਈ ਅਫ਼ਰਾ-ਤਫ਼ਰੀ ਵਿਚ ਐਨ ਇਕ-ਦਮ ਇਕ ਪਰੀ ਵਰਗੀ ਖ਼ੂਬਸੂਰਤ ਤੇ ਜਵਾਨ ਔਰਤ ਊਠ ਉਤੋਂ ਡਿਗ ਕੇ ਮੇਰੇ ਘੋੜੇ ਦੀ ਕਾਠੀ ਉਤੇ ਆਣ ਡਿਗੀ। ਉਸ ਦੀਆਂ ਦੋਵੇਂ ਲੱਤਾਂ ਤੇ ਪੈਰ ਪਾਣੀ ਵਿਚ ਲਟਕ ਰਹੇ ਸਨ ਤੇ ਦੋਹਾਂ ਹੱਥਾਂ ਨਾਲ ਉਸ ਨੇ ਮੇਰੀ ਕਮਰ ਫੜੀ ਹੋਈ ਸੀ। ਉਹ ਮੇਰੇ ਉਤੇ ਇੰਨੇ ਜ਼ੋਰ ਨਾਲ ਆ ਕੇ ਵੱਜੀ ਸੀ ਕਿ ਮੇਰਾ ਲੱਕ ਟੁਟ ਹੀ ਚਲਿਆ ਸੀ। ਉਸ ਦੀਆਂ ਬਾਹਵਾਂ ਦੀ ਜਕੜ ਨਾਲ ਮੇਰਾ ਲੱਕ ਦੂਹਰਾ ਹੋ ਰਿਹਾ ਸੀ। ਮੈਂ ਬਥੇਰਾ ਜ਼ੋਰ ਲਾ ਰਿਹਾ ਸਾਂ ਕਿ ਮੇਰਾ ਪਿਛਾ ਛੁਟੇ, ਪਰ ਉਹ ਮੈਨੂੰ ਛਡਦੀ ਨਹੀਂ ਸੀ ਦਿਸਦੀ ਤੇ ਮੈਨੂੰ ਆਪਣੀ ਮੌਤ ਸਾਹਮਣੇ ਨਜ਼ਰ ਆ ਰਹੀ ਸੀ। ਹਾਲਤ ਇਹ ਸੀ ਕਿ ਮੈਂ ਚਾਹੁੰਦਾ ਸਾਂ ਕਿ ਉਛਲ ਕੇ ਪਾਣੀ ਵਿਚ ਆਪਣੇ ਆਪ ਨੂੰ ਸੁੱਟ ਲਵਾਂ ਤੇ ਆਪਣਾ ਖ਼ਾਤਮਾ ਕਰ ਲਵਾਂ। ਅੰਤ ਉਸ ਦਾ ਵਾਰਸ ਬਹੁੜ ਪਿਆ ਤੇ ਉਸ ਨੇ ਉਸ ਔਰਤ ਹਥੋਂ ਮੇਰੀ ਜਾਨ ਬਚਾਈ।

''ਇਸ ਕਿਆਮਤ ਵਰਗੇ ਦਿਨ ਇੰਜ ਅਫਰਾ-ਤਫ਼ਰੀ ਮੱਚੀ ਹੋਈ ਸੀ ਕਿ ਪਿਉ ਨੇ ਪੁੱਤਰ ਤੀਕ ਨੂੰ ਨਹੀਂ ਸੀ ਪਛਾਣਿਆ, ਕਈ ਮਾਵਾਂ ਨੇ ਆਪਣੇ ਬੱਚੇ ਦਰਿਆ ਵਿਚ ਵਗਾਹ ਮਾਰੇ। ਕਿਸੇ ਨੇ ਕਿਸੇ ਦੀ ਪ੍ਰਵਾਹ ਨਹੀਂ ਕੀਤੀ। ਹਰ ਇਕ ਨੂੰ ਆਪੋ-ਧਾਪੀ ਪਈ ਹੋਈ ਸੀ। ਉਸ ਦਿਨ ਜੋ ਕਿਆਮਤ ਸਾਡੇ ਉਤੇ ਟੁਟੀ ਸੀ, ਜਦ ਇਸ ਦਾ ਹੁਣ ਵੀ ਕਿਤੇ ਚੇਤਾ ਆ ਜਾਂਦਾ ਹੈ ਤਾਂ ਮੇਰਾ ਸਰੀਰ ਕੰਬ ਉਠਦਾ ਹੈ। ਤੂੰ ਇਸ ਨੂੰ ਸੱਚ ਜਾਣ ਕਿ ਸਿੱਖਾਂ ਨਾਲ ਹੋਈਆਂ ਪਿਛਲੀਆਂ ਲੜਾਈਆਂ ਵਿਚ ਐਨੇ ਆਦਮੀ ਨਹੀਂ ਮਾਰੇ ਗਏ, ਜਿੰਨੇ ਉਸ ਦਿਨ ਝਨਾਂ ਵਿਚ ਡੁਬ ਕੇ ਮਰੇ ਸਨ।[੭]

''ਮੁਕਦੀ ਗੱਲ ਇਹ ਕਿ ਜਦ ਪਾਤਸ਼ਾਹ ਤੇ ਸਾਰੀ ਫ਼ੌਜ ਦਰਿਆਂ ਪਾਰ ਲੰਘ ਗਈ ਤਾਂ ਉਥੇ ਪੜਾਉ ਕਰ ਦਿਤਾ। ਅਗਲੇ ਦਿਨ ਜਹਾਨ ਖਾਨ ਨੂੰ ਅਗਲਵਾਂਢੀ ਹੀ ਤੋਰ ਦਿਤਾ ਕਿ ਅਗੋਂ ਪਹੁੰਚ ਕੇ ਬੇੜੀਆਂ ਇਕੱਠੀਆਂ ਕਰ ਤੇ ਦਰਿਆਂ ਜਿਹਲਮ ਉਤੇ ਇਕ ਮਜ਼ਬੂਤ ਪੁਲ ਬੰਨ੍ਹਵਾ ਛਡੇ ਤਾਕਿ ਸਾਰੀ ਫ਼ੌਜ, ਜਾਨਵਰ ਤੇ ਸਾਰਾ ਮਾਲ ਅਸਬਾਬ ਆਸਾਨੀ ਨਾਲ ਤੇ ਭਲੀ ਪ੍ਰਕਾਰ ਦਰਿਆ ਪਾਰ ਪਹੁੰਚ ਸਕੇ।

''ਇਸ ਤੋਂ ਅੱਗੇ ਹੁਣ ਪਾਤਸ਼ਾਹ ਹੌਲੀ ਹੌਲੀ ਤੁਰਦਾ ਸੀ ਤੇ ਇਕ ਦਿਨ ਵਿਚ ਮਸਾਂ ਪੰਜ ਸੱਤ ਕੋਹ ਹੀ ਤੁਰਦਾ ਸੀ, ਤਾਕਿ ਸਾਰੀ ਸੈਨਾ ਕੁਝ ਸੌਖੀ ਹੋ ਜਾਵੇ। ਇਕ ਦਿਨ ਪਾਤਸ਼ਾਹ ਨੇ ਬਲੋਚਾਂ ਦੇ ਸਰਦਾਰ ਨੂੰ ਆਪਣੇ ਪਾਸ ਬੁਲਾ ਕੇ ਕਹਿਆ ਕਿ ਤੂੰ ਇਸ ਮੁਹਿੰਮ ਵਿਚ ਜਾਨ ਹੂਲ ਕੇ ਸਾਡੀ ਖ਼ਿਦਮਤ ਤੇ ਸਹਾਇਤਾ ਕੀਤੀ ਹੈ, ਮੈਂ ਤੁਹਾਡਾ ਬੜਾ ਅਹਿਸਾਨ ਮੰਨਦਾ ਹਾਂ। ਹੁਣ ਤੁਹਾਨੂੰ ਛੁੱਟੀ ਹੈ, ਤੁਸੀਂ ਆਪਣੇ ਦੇਸ ਨੂੰ ਵਾਪਸ ਜਾ ਸਕਦੇ ਹੋ। ਇਸ ਜਹਾਦ ਵਿਚ ਹਿੱਸਾ ਲੈਣ ਦਾ ਅਜਰ (ਸਿੱਲਾ, ਫਲ) ਤੁਹਾਨੂੰ ਖ਼ੁਦਾ ਦੇਵੇਗਾ। ਬਲੋਚਾਂ ਦੇ ਸਰਦਾਰ ਨੇ ਕੁਝ ਮੰਗਾਂ ਪਾਤਸ਼ਾਹ ਦੇ ਪੇਸ਼ ਕੀਤੀਆਂ, ਜੋ ਸਭ ਹੀ ਤੁਰੰਤ ਮੰਨੀਆਂ ਗਈਆਂ। ਉਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਸ਼ਾਲ ਕੋਇਟੇ ਦਾ ਇਲਾਕਾ ਮੈਨੂੰ ਬਖਸ਼ ਦਿਤਾ ਜਾਵੇ। ਪਾਤਸ਼ਾਹ ਨੇ ਦੇਣਾ ਪ੍ਰਵਾਨ ਕਰ ਲਿਆ, ਸਗੋਂ ਦਿਆਲਤਾ ਦੇ ਘਰ ਵਿਚ ਆ ਕੇ ਚਨਾਬ, ਝੰਗ, ਮੁਲਤਾਨ ਤੇ ਡੇਰਿਆਂ ਦਾ ਇਲਾਕਾ ਬਖਸ਼ਣਾ ਚਾਹਿਆ, ਪਰ ਨਾ ਹੀ ਬਲੋਚਾਂ ਦੇ ਖਾਨ ਨੇ ਤੇ ਨਾ ਹੀ ਕਿਸੇ ਹੋਰ ਬਲੋਚ ਸਰਦਾਰ ਨੇ ਇਸ ਨੂੰ ਲੈਣਾ ਮੰਨਿਆ। ਇਕ-ਵਢਿਓਂ ਸਾਰੇ ਹੀ ਸਿਰ ਫੇਰ ਗਏ।

''ਜਦ ਪਾਤਸ਼ਾਹ ਤੇ ਸੈਨਾ ਜਿਹਲਮ-ਕੰਢੇ ਪੁਜੇ ਤਾਂ ਜਹਾਨ ਖ਼ਾਨ ਦੇ ਤਿਆਰ ਕਰਵਾਏ ਬੇੜੀਆਂ ਦੇ ਪੁਲ ਰਾਹੀਂ ਦੋ ਦਿਨਾਂ ਵਿਚ ਸਾਰੀ ਸੈਨਾ ਦਰਿਆਉਂ ਪਾਰ ਹੋ ਗਈ। ਏਥੋਂ ਕੂਚ ਹੋਇਆ ਤੇ ਰੁਹਤਾਸ ਪੁਜ

---

੭. ਜੰਗਨਾਮੇ ਦਾ ਇਹ ਸਫ਼ਾ ੧੭੧ ਅਤੇ ੬੫-੬੬ ਬੰਦ ਸਾਬਤ ਕਰਦੇ ਹਨ ਕਿ ਸਿੰਘਾਂ ਹਥੋਂ ਅਫ਼ਗਾਨ ਤੇ ਬਲੋਚ ਸੈਨਿਕ ਕਾਫ਼ੀ ਗਿਣਤੀ ਵਿਚ ਮਾਰੇ ਗਏ ਸਨ। ਇਸ ਤੋਂ ਵਡੇ ਕਿਸੇ ਹੋਰ ਸਬੂਤ ਦੀ ਕੀ ਲੋੜ ਹੈ? ''ਚੁਨਾਂ ਕੁਸ਼ਤਾ ਗਸ਼ਤੰਦ ਮਰਦਮ ਦਰ ਆਬ। ਨਾ ਮਰਦਮ ਕਿ ਅਸ਼ਤਰ ਹਮ ਅਸਬੋ ਦਵਾਬ। ਕਿ ਦਰ ਜੰਗਿ ਸਿਖਾਂ ਨ ਸ਼ੁਦ ਈਂ ਕਦਰ। ਤੂ ਤਸਦੀਕ ਦਾਂ ਈਂ ਖ਼ਬਰ ਐ ਪਿਸਰ।'' ਕਾਜ਼ੀ ਜੀ ਵਲੋਂ ਕਾਫ਼ੀ ਚਿਰ ਦਾ ਲੁਕਾਇਆ ਸੱਚ ਆਪ-ਮੁਹਾਰੇ ਮੂੰਹ ਫੁਟ ਨਿਕਲਿਆ। ਜਾਦੂ ਉਹ ਜੋ ਸਿਰ ਚੜ੍ਹ ਬੋਲੇ।



www.AKJ.Org

ਕੇ ਡੇਰਾ ਕੀਤਾ। ਏਥੋਂ ਬਲੋਚਾਂ ਦਾ ਖਾਨ ਆਪਣੀ ਸੈਨਾ ਨਾਲ ਆਪਣੇ ਦੇਸ਼ ਨੂੰ ਤੁਰ ਗਿਆ। ਜਿਸ ਵੇਲੇ ਦਰਿਆ-ਕੰਢੇ ਪੁਜੇ ਤਾਂ ਇਸਮਾਈਲ ਖਾਨ ਹੋਤ ਨੇ ਬੇੜੀਆਂ ਦਾ ਪ੍ਰਬੰਧ ਕਰ ਛਡਿਆ ਸੀ। ਦਰਿਆ ਸਿੰਧ ਪਾਰ ਕਰ ਕੇ ਗਾਜ਼ੀ ਖ਼ਾਂ ਦੇ ਇਲਾਕੇ ਵਿਚ ਆਏ ਤੇ ਏਥੋਂ ਕੂਚ ਤੇ ਪੜਾਉ ਕਰਦੇ ਹੋਏ ਕਲਾਤ ਆਣ ਪਹੁੰਚੇ।''

ਕਾਜ਼ੀ ਜੀ ਨੇ ਆਪਣਾ ਇਹ ਜੰਗਨਾਮਾ, ਵਾਪਸ ਕਲਾਤ ਆਪਣੇ ਘਰ ਪਹੁੰਚ ਕੇ ੧੧੭੮ ਹਿਜਰੀ ਵਿਚ ਖ਼ਤਮ ਕੀਤਾ ਸੀ। ਇਹ ਸਾਰੇ ਦਾ ਸਾਰਾ ਰਸਤੇ ਵਿਚ ਨਹੀਂ ਸੀ ਲਿਖਿਆ। ਰਸਤੇ ਵਿਚ ਜ਼ਿਆਦਾ ਤਰ ਨੋਟ ਹੀ ਲਏ ਜਾਪਦੇ ਹਨ। ਕਿਤਾਬੀ ਸ਼ਕਲ ਘਰ ਪਹੁੰਚ ਕੇ ਦਿਤੀ ਗਈ ਸੀ।

ਇਸ ਸਿਖ-ਮਾਰ ਮੁਹਿੰਮ ਵਿਚੋਂ, ਜਿਸਨੂੰ ਇਸਲਾਮ ਖ਼ਾਤਰ ਜਹਾਦ ਦੀ ਸ਼ਕਲ ਦੇ ਦਿਤੀ ਸੀ, ਅਹਿਮਦਸ਼ਾਹ ਅਬਦਾਲੀ ਨੇ ਕੀ ਗੁਆਇਆ ਤੇ ਕੀ ਪਾਇਆ, ਸਿਖਾਂ ਦੇ ਇਕ ਕੱਟੜ ਵੈਰੀ ਦੀ ਜ਼ਬਾਨੋਂ ਤੁਸਾਂ ਸੁਣਿਆ ਹੈ। ਅਹਿਮਦਸ਼ਾਹ ਨਸੀਰ ਖਾਨ ਦੀਆਂ ਜੰਗੀ ਖ਼ਿਦਮਤਾਂ ਵਜੋਂ ਉਸ ਦਾ ਬੜਾ ਅਹਿਸਾਨ ਮੰਨਦਾ ਹੈ। ਉਸ ਨੇ ਆਪਣੀ ਬਾਰ੍ਹਾਂ ਹਜ਼ਾਰ ਸੈਨਾ ਨਾਲ ਇਸ ਮੁਹਿੰਮ ਵਿਚ ਜਾਨ ਖ਼ਤਰੇ ਵਿਚ ਪਾ ਕੇ ਸੇਵਾ ਕੀਤੀ ਹੈ। ਨਸੀਰ ਖ਼ਾਨ ਨੂੰ, ਇਨ੍ਹਾਂ ਸੇਵਾਵਾਂ ਦੇ ਸਤਿਕਾਰ ਤੇ ਸ਼ੁਕਰਾਨੇ ਵਜੋਂ ਪਾਤਸ਼ਾਹ ਖੁਸ਼ ਹੋ ਕੇ, ਪੰਜਾਬ, ਮੁਲਤਾਨ ਤੇ ਝੰਗ ਦਾ ਇਲਾਕਾ ਦੇਣਾ ਚਾਹੁੰਦਾ ਹੈ। ਨਸੀਰ ਖਾਨ ਤੇ ਉਸ ਦੇ ਬਲੋਚ ਸਰਦਾਰ ਖਾਲਸਾ ਜੀ ਦੇ ਹੱਥ ਤੇ ਖਾਲਸਈ ਤੇਗ਼ ਦੇ ਜੌਹਰ ਵੇਖ ਚੁਕੇ ਸਨ। ਪੰਜਾਬ, ਮੁਲਤਾਨ ਤੇ ਝੰਗ ਦਾ ਇਲਾਕਾ ਤਾਂ ਇਕ ਪਾਸੇ ਰਿਹਾ, ਉਨ੍ਹਾਂ ਦਰਿਆ ਸਿੰਧੋਂ ਬਲੋਚਾਂ ਵਾਲੇ ਪਾਸੇ ਆਪਣੇ ਗੁਆਂਢ ਵਿਚ ਡੇਰ੍ਹਿਆਂ (ਡੇਰਾ ਇਸਮਾਈਲ-ਖਾਨ ਤੇ ਡੇਰਾ ਗਾਜ਼ੀ ਖਾਨ) ਦਾ ਇਲਾਕਾ ਲੈਣੋਂ ਵੀ ਸਿਰ ਫੇਰ ਦਿਤਾ ਸੀ। ਇਸ ਤੋਂ ਢਾਈ ਕੁ ਸਾਲ ਪਿਛੋਂ ਜਦ ਅਹਿਮਦਸ਼ਾਹ ਆਖ਼ਰੀ ਵਾਰ ਪੰਜਾਬ ਵੱਲ ਆਇਆ ਤਾਂ ਨਸੀਰ ਖ਼ਾਨ ਨਾਲ ਨਹੀਂ ਆਇਆ। ਇਨ੍ਹਾਂ ਬਲੋਚਾਂ ਤੇ ਦੁਰਾਨੀਆਂ ਸਮਝਿਆ ਸੀ ਕਿ ਪੰਜਾਬ ਦੇ ਸਿੰਘ ਵੀ ਮਰਹੱਟਿਆਂ ਵਾਂਗ ਦਾਲ ਫੁਲਕਾ ਹੀ ਹੋਣਗੇ, ਪਲ ਵਿਚ ਮਰੋੜ ਧਰਾਂਗੇ। ਸਾਡੀ ਮਾਰ ਅਗੇ ਕਿਸ ਨੇ ਟਿਕਣਾ ਹੈ? ਅਥਾਹ ਮਾਲ-ਅਸਬਾਬ ਲੁਟ ਕੇ ਊਠ ਖਚਰਾਂ ਲੱਦ ਲਿਆਵਾਂਗੇ ਤੇ ਨਾਲ ਸਿਖ ਕਾਫ਼ਰਾਂ ਦਾ ਬੁਢੀ-ਮੁੰਡਾ ਵੀ ਬੰਨ੍ਹ ਲਿਆਵਾਂਗੇ। ਪਰ ਜਦ ਖਾਲਸਾ ਜੀ ਨਾਲ ਵਾਹ ਪਿਆ ਤਾਂ ਉਨ੍ਹਾਂ ਭੂਤਰੇ ਤੇ ਮਛਰੇ ਹੋਏ ਗਾਜ਼ੀਆਂ ਦੀ ਉਹ ਬਾਬ ਕੀਤੀ ਕਿ ਫਿਰ ਉਨ੍ਹਾਂ ਨੂੰ ਪੰਜਾਬ ਵਲ ਕੈਰੀ ਅੱਖ ਨਾਲ ਤੱਕਣ ਦਾ ਵੀ ਹੀਆ ਨਹੀਂ ਪਿਆ। ਹਿੰਦ-ਵਾਸੀਆਂ ਉਤੇ ਸੈਂਕੜੇ ਸਾਲਾਂ ਦੀ ਪਈ ਪਛਮੀ ਹਮਲਾ-ਆਵਰਾਂ ਦੀ ਛੱਟ, ਖਾਲਸਾ ਜੀ ਨੇ ਸਦਾ ਲਈ ਲਾਹ ਦਿਤੀ।

ਇਸ ਵਿਚ ਸ਼ੱਕ ਨਹੀਂ, ਜੰਗਨਾਮਾ ਸਿਖਾਂ ਪ੍ਰਤੀ ਗਾਲ੍ਹੀਆਂ ਤੇ ਕੁਨਾਵਾਂ ਦਾ ਪਲੰਦਾ ਹੈ, ਪਰ ਇਹ ਹੈ ਅੱਖੀਂ ਡਿਠੇ ਹਾਲਾਂ ਦਾ ਵੇਰਵਾ। ਇਸ ਦਾ ਕਰਤਾ ਇਸ ਮੁਹਿੰਮ ਵਿਚ ਸ਼ਾਮਲ ਹੈ। ਸਿੰਘਾਂ ਦਾ ਕੱਟੜ ਦੁਸ਼ਮਣ ਹੈ। ਉਸ ਦੀ ਤਾਂਘ ਹੈ ਕਿ ਸਿਖ ਨਾਮ ਹਸਤੀ ਤੋਂ ਮਿਟਾ ਦਿਤਾ ਜਾਵੇ। ਉਸ ਨੇ ਅਹਿਮਦਸ਼ਾਹ ਦੀ ਇਸ ਮੁਹਿੰਮ ਦਾ ਹਾਲ ਬੜੇ ਵਿਸਥਾਰ ਨਾਲ ਲਿਖਿਆ ਹੈ। ਇਸ ਪੁਸਤਕ ਨੇ ਸਿਖ ਇਤਿਹਾਸ ਵਿਚ ਪਏ ਇਕ ਬੜੇ ਵੱਡੇ ਖਪੇ ਨੂੰ ਪੂਰਿਆ ਹੈ। ਇਸ ਕਿਤਾਬ ਤੋਂ ਪਹਿਲਾਂ ਇਸ ਹਮਲੇ ਬਾਰੇ ਇਤਿਹਾਸਕਾਰਾਂ ਨੇ ਐਵੇਂ ਟਪਲੇ ਤੇ ਟਾਮਕ-ਟੂਈਆਂ ਹੀ ਮਾਰੀਆਂ ਸਨ। ਕਾਜ਼ੀ ਜੀ ਨੇ ਸਾਰੀ ਤਸਵੀਰ ਪ੍ਰਕਾਸ਼ ਵਿਚ ਲਿਆ ਕੇ ਬੜੇ ਵਡੇ ਘਾਟੇ ਨੂੰ ਪੂਰਾ ਕੀਤਾ ਹੈ।

ਦਾਸ ਪਾਠਕਾਂ ਤੋਂ ਖਿਮਾ ਦਾ ਜਾਚਕ ਹੈ ਕਿ ਉਨ੍ਹਾਂ ਦਾ ਕਾਫ਼ੀ ਕੀਮਤੀ ਸਮਾਂ ਤੇ ਧਿਆਨ ਇਸ ਮਜ਼ਮੂਨ ਨਾਲ ਬੰਨ੍ਹੀ ਰਖਿਆ ਹੈ। ਇਸਨੂੰ ਬੜਾ ਸੰਖੇਪ ਵੀ ਲਿਖਿਆ ਜਾ ਸਕਦਾ ਸੀ, ਪਰ ਜੋ ਗੱਲ ਕਾਜ਼ੀ ਜੀ ਨੇ, ਇਕ ਕੱਟੜ ਵੈਰੀ ਅਤੇ ਚਸ਼ਮ-ਦੀਦ ਗਵਾਹ ਦੇ ਨਾਤੇ ਲਿਖੀ ਹੈ, ਖ਼ਾਲਸਾ ਜੀ ਦੀ ਵਡਿਆਈ ਕੀਤੀ ਹੈ, ਇਹ ਦੂਜੇ ਆਦਮੀ ਦੇ ਦਸਿਆਂ ਸੁਆਦ ਨਹੀਂ ਸੀ ਆਉਣਾ। ਕਾਜ਼ੀ ਜੀ, ਹੁਣ ਕਬਰ ਵਿਚ ਬਿਰਾਜ ਕੇ ਕਿਆਮਤ ਦੀ ਉਡੀਕ ਕਰਨਗੇ ਤੇ ਦਾਸ ਖਾਲਸਾ ਜੀ ਦੀਆਂ ਘਾਲਾਂ ਦੀ ਦਾਸਤਾਨ ਨੂੰ ਅੱਗੇ ਤੋਰਨ ਦੀ ਆਗਿਆ ਮੰਗਦਾ ਹੈ। [ਚਲਦਾ]

—ਸਵਰਨ ਸਿੰਘ



www.AKJ.Org

# ਆਸਾੜੁ ਭਲਾ ਸੂਰਜੁ ਗਗਨਿ ਤਪੈ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੋਂ ਪਿਛੋਂ 'ਅਸਾੜ' ਦੀ ਸੰਗਰਾਂਦ ਆਈ। ਉਸ ਸੰਗਰਾਂਦ ਦੀ ਸ਼ਾਮ ਨੂੰ ਗੁਰਦੁਆਰਾ ਪਿਪਲੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸੰਗਤਾਂ ਜੁੜ ਬੈਠੀਆਂ। ਸੋਦਰ ਦੀ ਚੌਂਕੀ ਤੋਂ ਪਿਛੋਂ ''ਆਸਾੜੁ ਭਲਾ ਸੂਰਜੁ ਗਗਨਿ ਤਪੈ'' ਦੇ ਪ੍ਰਕਰਣ ਤੇ ਨਿਰਬਾਣ ਕੀਰਤਨ, ਹੇਠ ਲਿਖੇ ਭਾਵ ਦੇ ਸ਼ਬਦਾਂ ਨਾਲ ਅਰੰਭ ਹੋਇਆ।

ਆਸਾੜ ਦਾ ਮਹੀਨਾ ਹੈ, ਸੂਰਜ ਅਕਾਸ਼ ਵਿਚ ਭੱਠ ਵਾਂਗ ਤਪ ਰਿਹਾ ਹੈ, ਧਰਤੀ ਉਹ ਅੱਗ ਭਖ ਰਹੀ ਹੈ, ਸਭ ਜੀਅ-ਜੰਤ ਤੇ ਫਲ-ਬੂਟੇ ਉਸ ਤਪਸ਼ ਨਾਲ ਦੁਖੀ ਹੋ ਕੇ ਕੁਮਲਾ ਰਹੇ ਹਨ, ਪਰ ਸੂਰਜ ਦੇਵਤਾ ਅਗਨੀ ਦੇ ਬਾਣ ਛਡ ਛਡ ਕੇ ਆਪਣੀ ਡਿਊਟੀ ਨਿਭਾਈ ਤੁਰੀ ਜਾ ਰਹੇ ਹਨ। ਸੂਰਜ ਢਲਦਾ ਹੈ ਤਾਂ ਜੀਵ-ਇਸਤ੍ਰੀ ਸੁਰਤ ਸੰਭਾਲਦੀ ਹੈ ਅਤੇ ਬਾਰਾਂ ਵਿਚ ਟੀਂਡੇ ਮਿੱਠੀ ਮਿੱਠੀ ਬੋਲੀ ਬੋਲਣਾ ਅਰੰਭ ਦਿੰਦੇ ਹਨ।

ਜਿਹੜੇ ਪ੍ਰਾਣੀ ਗਰਮੀ ਦੇ ਮਾਰੇ ਹੋਏ ਅਵਗੁਣਾਂ ਵਿਚ ਹੀ ਭਟਕਦੇ ਰਹਿੰਦੇ ਹਨ, ਉਹ ਲੋਕ ਪਰਲੋਕ ਦੇ ਦੁਖ ਹੀ ਸਹੇੜਦੇ ਹਨ। ਉਹ ਸੁਖੀ ਹੋ ਹੀ ਨਹੀਂ ਸਕਦੇ।

ਪਰ ਜੋ ਪ੍ਰਭੂ ਦੇ ਪਿਆਰੇ ਆਪਣੇ ਪ੍ਰਭੂ ਨੂੰ ਸੰਭਾਲਦੇ ਹਨ, ਉਸ ਨੂੰ ਚੇਤੇ ਕਰਦੇ ਹਨ, ਉਸ ਨਾਲ ਜੁੜੇ ਰਹਿੰਦੇ ਹਨ, ਉਨ੍ਹਾਂ ਲਈ ਸੁਖ ਹੀ ਸੁਖ ਹੈ। ਉਨ੍ਹਾਂ ਨੇ ਆਪਣਾ ਮਨ ਪ੍ਰਭੂ ਅਰਪਣ ਕਰ ਦਿਤਾ ਹੁੰਦਾ ਹੈ, ਉਨ੍ਹਾਂ ਦਾ ਮਰਣ ਜੀਵਨ ਕੇਵਲ ਪ੍ਰਭੂ ਹੀ ਹੁੰਦਾ ਹੈ। ਅਜਿਹੇ ਪ੍ਰਭੂ-ਪਿਆਰਿਆਂ ਲਈ ਅਸਾੜ ਦਾ ਮਹੀਨਾ ਭਲਾ ਹੈ।

ਪ੍ਰਭੂ-ਪਿਆਰਿਆਂ ਦੇ ਅੰਦਰ ਨਾਮ ਦੀ ਅਜਿਹੀ ਠੰਢ ਵਰਤ ਰਹੀ ਹੁੰਦੀ ਹੈ ਜੋ ਚੰਦਨ ਦਾ ਲੇਪ ਕੀਤਿਆਂ, ਜੋ ਚੰਦ ਦੀ ਚਾਨਣੀ ਮਾਣਦਿਆਂ ਅਤੇ ਸਰਦੀ ਦੀ ਠੰਢ ਵਿਚ ਵਿਚਰਦਿਆਂ ਵੀ ਪ੍ਰਾਪਤ ਨਹੀਂ ਹੋ ਸਕਦੀ। ਅਜਿਹੇ ਰੰਗ-ਰਤੜੇ ਰੱਬੀ ਵਿਅਕਤੀਆਂ ਨੂੰ ਜੇਠ-ਹਾੜ ਦੀ ਭਿਆਨਕ ਅਗਨੀ ਪੋਹ ਹੀ ਨਹੀਂ ਸਕਦੀ।

ਗੁਰੂ ਪਾਤਸ਼ਾਹ ਫੁਰਮਾਂਦੇ ਹਨ ਕਿ ਇਹ ਤਪਤ (ਕੀ ਬਾਹਰਲੀ ਤਪਤ ਅਤੇ ਕੀ ਕਲਜੁਗ ਦੀ ਭਿਆਨਕ ਅਗਨੀ) ਕੇਵਲ ਗੁਰ-ਸ਼ਬਦ ਦੁਆਰਾ, ਗੁਰ-ਮੰਤਰ ਦੁਆਰਾ, ਗੁਰੂ ਦੇ ਬਖਸ਼ੇ ਨਾਮ ਦੁਆਰਾ ਹੀ ਬੁਝ ਸਕਦੀ ਹੈ। ਹਰੀ ਗੁਣ ਗਾਉਣ ਨਾਲ, ਠੰਢ ਦੇ ਸੋਮੇ ਸਤਿਗੁਰੂ ਨੂੰ ਭੇਟਣ ਨਾਲ, ਜਗਤ ਦਾ ਨਿਸਤਾਰਾ ਕਰਨ ਵਾਲੇ ਸੰਤ ਸਰੂਪ ਸਤਿਗੁਰੂ ਦਾ ਦਰਸ਼ਨ ਪਰਸਨ ਨਾਲ ਹੀ ਤਨ ਦੇ ਰੋਗ ਨਸ ਜਾਂਦੇ ਹਨ, ਮਨ ਨਿਰਮਲ ਹੋ ਜਾਂਦਾ ਹੈ, ਤੇ ਮਨ ਦੀ ਦੌੜ-ਭੱਜ ਮੁਕ ਜਾਂਦੀ ਹੈ। ਅਨੰਦ ਹੀ ਅਨੰਦ ਬਣ ਜਾਂਦਾ ਹੈ, ਸਭ ਸਹਸੇ ਤੇ ਤਾਪ ਮਿਟ ਜਾਂਦੇ ਹਨ, ਜਨਮ-ਜਨਮਾਂਤਰਾਂ ਦੇ ਪਾਪ ਪਿੱਛਾ ਛਡ ਜਾਂਦੇ ਹਨ। ਸਾਧੂ-ਸਤਿਗੁਰੂ ਦੀ ਚਰਨ-ਸ਼ਰਨ ਆਉਣ ਨਾਲ ਮਨੂਆ ਨਾਮ-ਰੰਗਾਂ ਵਿਚ ਅਨੰਦ-ਮੰਗਲ ਦੀਆਂ ਸਹਿਜ-ਧੁਨੀਆਂ ਗਾਉਂਦਾ ਫਿਰਦਾ ਹੈ ਅਤੇ ਫਿਰ ਕਾਲ ਦਾ ਦੁਖ ਪੋਹ ਨਹੀਂ ਸਕਦਾ। ਇਸ ਬਿਵਸਥਾ ਵਿਚ ਉਹ ਕਰਨ-ਕਾਰਨ ਸਮਰੱਥ ਪ੍ਰਭੂ, ਹਰਿ ਹਰਿ ਰਾਇਆ ਆਪਣਾ ਆਪਣਾ ਜਾਪਣ ਲਗ ਪੈਂਦਾ ਹੈ, ਫਿਰ ਉਸ ਸੰਗ-ਸਹਾਈ ਪ੍ਰਭੂ ਨਾਲ ਇਕ-ਮਿਕ ਹੋ ਕੇ, ਉਸ ਦਾ ਨਾਮ ਜਪ ਕੇ ਜੀਵੀਦਾ ਹੈ।

ਫਿਰ ਅਗਲੇ ਸ਼ਬਦ ਵਿਚ ਸਤਿਗੁਰੂ ਜੀ ਬਖ਼ਸ਼ਸ਼ ਕਰਦੇ ਹਨ ਕਿ ਬੇਅੰਤ ਗੁਣਾਂ ਵਾਲਾ ਰੰਗੀਲਾ ਲਾਲ ਗੁਪਾਲ ਗੋਬਿੰਦ, ਜੋ ਦਇਆਲ ਹੈ. ਗਹਿਰ ਗੰਭੀਰ ਹੈ, ਊਚਾ ਹੈ, ਅਥਾਹ ਹੈ, ਬੇਅੰਤ ਹੈ. ਸੁਆਮੀ ਹੈ, ਦੁਖ ਭੰਜਨ ਹੈ, ਅਮੋਲ ਗੁਣਾਂ ਦਾ ਖ਼ਜ਼ਾਨਾ ਹੈ, ਨਿਰਭਉ ਹੈ, ਨਿਰਵੈਰ ਹੈ, ਅਤੋਲ ਹੈ, ਅਕਾਲ ਮੂਰਤਿ ਹੈ, ਅਜੂਨੀ ਹੈ, ਸੁਤੇ ਪ੍ਰਕਾਸ਼ ਹੈ, ਐਸੇ ਵਾਹਿਗੁਰੂ ਦਾ ਨਾਮ ਸਿਮਰ ਸਿਮਰ ਕੇ ਹੀ ਜੀਵੀਦਾ ਹੈ, ਅਤੇ **ਅਜਿਹੇ ਪ੍ਰਭੂ ਨੂੰ ਸਿਮਰ ਸਿਮਰ ਕੇ ਹੀ ਮਨ ਠੰਡਾ ਤੇ ਸੀਤਲ ਹੋ ਸਕਦਾ ਹੈ।** ਉਹ ਪ੍ਰਭੂ ਜੋ ਊਚ ਨੀਚ ਸਭ ਦੀ ਪ੍ਰਤਿਪਾਲਣਾ ਕਰ ਰਿਹਾ



www.AKJ.Org

ਹੈ, ਉਸ ਗੋਪਾਲ-ਹਰੀ ਦਾ ਨਾਮ-ਰੰਗ ਸਦਾ ਸੰਗ ਨਿਬਾਹੁਣ ਵਾਲਾ ਹੈ। ਪ੍ਰਭੂ ਦਾ ਉਹ 'ਨਾਮ' ਰਸਾਂ ਵਿਚੋਂ ਮਹਾਨ ਰਸ ਹੈ ਅਤੇ ਮਨ ਨੂੰ ਤ੍ਰਿਪਤੀ ਬਖ਼ਸ਼ਣ ਵਾਲਾ ਹੈ। ਪਰ ਇਹ ਅੰਮ੍ਰਿਤ-ਨਾਮ ਸਤਿਗੁਰੂ ਦੀ ਬਖ਼ਸ਼ਸ਼ ਦੁਆਰਾ ਹੀ ਪੀਤਾ ਜਾ ਸਕਦਾ ਹੈ। ਸਤਿਗੁਰੂ ਇਹ ਸੁਮੱਤ ਬਖ਼ਸ਼ਦਾ ਹੈ ਕਿ ਸੁਖ ਹੋਵੇ ਚਾਹੇ ਦੁਖ, ਉਸ ਪਿਆਰੇ ਵਾਹਿਗੁਰੂ ਨੂੰ ਹੀ ਧਿਆਈ ਜਾਣਾ ਹੈ, ਉਸ ਠਾਕੁਰ ਪ੍ਰਭੂ ਦੇ ਨਾਮ ਨੂੰ ਹੀ ਆਸਰਾ ਪਰਨਾ ਬਣਾਉਣਾ ਹੈ ਅਤੇ ਇਉਂ ਨਾਮ-ਰੰਗਾਂ ਦੁਆਰਾ ਹੀ ਇਸ ਸੰਸਾਰ-ਸਮੁੰਦਰ ਤੋਂ ਪਾਰ-ਉਤਾਰਾ ਹੋ ਸਕਦਾ ਹੈ।

ਅਗਲਾ ਸ਼ਬਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ। ਆਪ ਫ਼ੁਰਮਾਂਦੇ ਹਨ ਕਿ ਇਹ ਦੁਨੀਆ ਤਾਂ ਨਿਰੀ ਅੱਗ ਹੈ, ਅੱਗ ਦਾ ਭਾਂਬੜ ਹੈ, ਅਤੇ ਜੇ ਕੋਈ ਠੰਢ ਦਾ ਸੋਮਾ ਹੈ ਤਾਂ ਉਹ ਕੇਵਲ ਖ਼ੁਦਾ ਦਾ ਨਾਮ ਹੈ, ਪ੍ਰਭੂ ਦਾ ਸਿਮਰਨ ਹੈ। ਇਹ ਦੁਨੀਆ ਨਾਸਵੰਤ ਹੈ, ਪਰ ਇਸ ਵਿਚ ਚਿਲਮਿਲਾਹਟ ਬੇਹਿਸਾਬੀ ਹੈ। ਇਸ ਚਿਲਮਿਲ ਹਟ ਵਿਚ ਫਸਿਆ ਹੋਇਆ ਮੂਰਖ ਮਨ, ਇਸ ਨੂੰ ਨਾਸਮਾਨ ਨਹੀਂ ਸਮਝਦਾ, ਸਗੋਂ ਚਿਲਮਿਲ ਚਿਲਮਿਲ ਕਰਦੇ ਪਦਾਰਥਾਂ ਵਿਚ ਭਟਕਦਾ ਫਿਰਦਾ ਹੈ। ਗੁਰੂ ਵਾਹਿਗੁਰੂ ਪਾਸ ਅਰਦਾਸ-ਜੋਦੜੀ ਕਰਨੀ ਬਣਦੀ ਹੈ ਕਿ ਸਾਡਾ ਮਨ ਤਾਂ ਨੀਚ ਹੈ. ਬਹੁਤ ਹੀ ਕਮੀਨਾ ਹੈ ਅਤੇ ਆਪ ਜੀ ਦਰਿਆ-ਦਿਲ ਪ੍ਰਭੂ ਹੋ, ਆਪ ਜੀ ਮਿਹਰ ਕਰੋ ਅਤੇ ਨਾਮ ਦੀ ਹੀ ਇਕ ਅਮੋਲਕ ਵਸਤੂ ਮੈਨੂੰ ਬਖ਼ਸ਼ੋ, ਹੋਰ ਸਾਰੇ ਪਦਾਰਥ ਜ਼ਹਿਰ ਸਮਾਨ ਹਨ। ਹੇ ਪ੍ਰਭੂ ! ਮੇਰਾ ਸਰੀਰ ਇਕ ਕੱਚੇ ਕੁੱਜੇ ਸਮਾਨ ਹੈ, ਜੋ ਤੇਰੀ ਹੀ ਬਖਸ਼ਸ਼ ਹੈ ਅਤੇ ਤੇਰੀ ਬਖ਼ਸ਼ੀ ਸ਼ਕਤੀ ਨਾਲ ਮੈਂ ਕੁਝ ਕਰ ਸਕਣ ਜੋਗਾ ਹਾਂ। ਮੈਂ ਤੇਰੇ ਦਰਬਾਰ ਦਾ ਮਸਤਾਨਾ, ਨਿਤ ਵਧ ਤੋਂ ਵਧ ਪਾਗਲ ਹੋ ਰਿਹਾ ਕੁੱਤਾ ਹਾਂ। ਮੇਰੇ ਤੇ ਬਖਸ਼ਸ਼ ਕਰ ਅਤੇ ਇਸ ਸੜਦੀ ਬਲਦੀ ਦੁਨੀਆ ਤੋਂ ਬਚਾ ਕੇ, ਮੈਨੂੰ ਠੰਢ ਤੇ ਸ਼ਾਂਤੀ ਦੇਣ ਵਾਲਾ ਅ ਪਣਾ ਠੰਢਾ ਠੰਢਾ ਨਾਮ ਬਖਸ਼।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅਗਲੇ ਸ਼ਬਦ ਵਿਚ ਫੁਰਮਾਂਦੇ ਹਨ ਕਿ ਸਤਿਗੁਰੂ ਦੇ ਸੀਤਲ ਨਾਮ ਦੀ ਬਰਕਤ ਨਾਲ ਤਪਤ ਕੜਾਹ ਬੁਝ ਜਾਂਦਾ ਹੈ, ਸੜਦਾ ਬਲਦਾ ਹਿਰਦਾ ਸ਼ਾਂਤ ਹੋ ਜਾਂਦਾ ਹੈ, ਭਰਮਾਂ ਦਾ ਜਾਲ ਕਟੀਜ ਕੇ ਮਨ ਵਿਚ ਪ੍ਰਕਾਸ਼ ਹੋ ਆਉਂਦਾ ਹੈ, ਸਭ ਤਰ੍ਹਾਂ ਦੇ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਇਥੋਂ ਤਕ ਕਿ ਜਨਮ ਮਰਨ ਦੇ ਗੇੜਾਂ ਵਿਚ ਵੀ ਆਉਣਾ ਜਾਣਾ ਮੁੱਕ ਜਾਂਦਾ ਹੈ। ਸਾਧੂ ਸਤਿਗੁਰੂ ਦੇ ਭੇਟਣ ਨਾਲ ਰਾਖੀ ਕਰ ਰਹੇ ਜਮਦੂਤ ਵੀ ਭਜ ਜਾਂਦੇ ਹਨ। ਜਦੋਂ ਸਤਿਗੁਰੂ ਤੋਂ ਪ੍ਰਾਪਤ ਹੋਏ ਨਾਮ-ਕਮਾਈ ਦਾ ਸਦਕਾ ਸਭ ਤਰ੍ਹਾਂ ਦੀਆਂ ਅਟਕਾਂ ਹੀ ਮੁਕ ਜਾਂਦੀਆਂ ਹਨ ਤਾਂ ਫਿਰ ਜਮਦੂਤਾਂ ਦਾ ਉਥੇ ਕੀ ਕੰਮ ਰਹਿ ਜਾਂਦਾ ਹੈ ? ਗੁਰੂ ਪਾਤਸ਼ਾਹ ਦੇ ਕੀਤੇ ਉਪਕਾਰ ਸਦਕਾ ਜਨਮਾਂ ਜਨਮਾਂ ਦੇ ਕਰਮਾਂ ਦਾ ਭਾਰਾ ਚੁਕ ਜਾਂਦਾ ਹੈ ਅਤੇ ਸੰਸਾਰ-ਸਾਗਰ ਵਿਚ ਰੁੜ੍ਹੇ ਜਾਂਦਿਆਂ ਨੂੰ ਨਾਮ ਦਾ ਸਹਾਰਾ ਮਿਲ ਜਾਂਦਾ ਹੈ। ਫਿਰ ਸੱਚੇ ਨਾਮ ਵਿਚ ਹੀ ਵਾਸਾ ਹੋ ਜਾਂਦਾ ਹੈ ਅਤੇ ਸੱਚਾ ਨਾਮ ਹੀ ਜੀਵਨ ਦਾ ਪ੍ਰਯੋਜਨ ਬਣ ਜਾਂਦਾ ਹੈ। ਇਉਂ ਸੱਚਾ ਨਾਮ ਹੀ ਰਾਸ ਪੂੰਜੀ ਹੋ ਨਿਬੜਦਾ ਹੈ। ਹੁਣ ਅਗੇ ਸ਼ਬਦ ਦਿਤੇ ਜਾਂਦੇ ਹਨ :—

ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ, ਸੋਖੈ, ਅਗਨਿ ਭਖੈ ॥
ਅਗਨਿ ਰਸੁ ਸੋਖੈ, ਮਰੀਐ ਧੋਖੈ, ਭੀ ਸੋ ਕਿਰਤੁ ਨ ਹਾਰੇ ॥
ਰਥੁ ਫਿਰੈ ਛਾਇਆ, ਧਨ ਤਾਕੈ, ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ ਦੁਖੁ ਆਗੈ, ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ, ਮਰਣੁ ਜੀਵਣੁ ਪ੍ਰਭ ਨਾਲੇ ॥੮॥

ਤੁਖਾਰੀ ਮ: ੧ ਬਾਹਰਮਾਹਾ



www.AKJ.Org

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥੭॥

ਜੈਤਸਰੀ ਦੀ ਵਾਰ, ਪੰਨਾ ੭੦੯

ਦੂਖ ਰੋਗ ਗਏ ਗਤੁ ਤਨ ਤੇ, ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥
ਭਏ ਅਨੰਦ ਮਿਲਿ ਸਾਧੂ ਸੰਗਿ, ਅਬ ਮੇਰਾ ਮਨੁ ਕਤ ਹੀ ਨ ਜਾਇ ॥੧॥
**ਤਪਤਿ ਬੁਝੀ ਗੁਰ ਸਬਦੀ ਮਾਇ ॥**
ਬਿਨਸਿ ਗਇਓ ਤਾਪ ਸਭ ਸਹਸਾ, ਗੁਰੁ ਸੀਤਲ ਮਿਲਿਓ ਸਹਜਿ ਸੁਭਾਇ ॥੧॥ਰਹਾਉ॥
ਧਾਵਤ ਰਹੇ ਏਕੁ ਇਕੁ ਬੂਝਿਆ, ਆਇ ਬਸੇ ਅਬ ਨਿਹਚਲ ਥਾਇ ॥
ਜਗਤੁ ਉਧਾਰਨ ਸੰਤ ਤੁਮਾਰੇ, ਦਰਸਨੁ ਪੇਖਤ ਰਹੇ ਅਘਾਇ ॥੨॥
ਜਨਮ ਦੋਖ ਪਰੇ ਮੇਰੇ ਪਾਛੈ, ਅਬ ਪਕਰੇ ਨਿਹਚਲੁ ਸਾਧੂ ਪਾਇ ॥
ਸਹਜ ਧੁਨਿ ਗਾਵੈ ਮੰਗਲ ਮਨੂਆ, ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥
ਕਰਨ ਕਾਰਨ ਸਮਰਥ ਹਮਾਰੇ, ਸੁਖਦਾਈ ਮੇਰੇ ਹਰਿ ਹਰਿ ਰਾਇ ॥
ਨਾਮੁ ਤੇਰਾ ਜਪਿ ਜੀਵੈ ਨਾਨਕ. ਓਤਿ ਪੋਤਿ ਮੇਰੈ ਸੰਗਿ ਸਹਾਇ ॥੪॥੯॥

ਆਸਾ ਮ: ੫, ਪੰਨਾ ੩੭੨-੭੩

ਲਾਲ ਗੋਪਾਲ ਦਇਆਲ ਰੰਗੀਲੇ ॥ ਗਹਿਰ ਗੰਭੀਰ ਬੇਅੰਤ ਗੋਵਿੰਦੇ ॥
ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾ ਜੀਉ ॥੧॥
ਦੁਖਭੰਜਨ ਨਿਧਾਨ ਅਮੋਲੇ ॥ ਨਿਰਭਉ ਨਿਰਵੈਰ ਅਥਾਹ ਅਤੋਲੇ ॥
ਅਕਾਲ ਮੂਰਤਿ ਅਜੂਨੀ ਸੈਭੌ **ਮਨੁ ਸਿਮਰਤ ਠੰਢਾ ਥੀਵਾ ਜੀਉ ॥੨॥**
ਸਦਾ ਸੰਗੀ ਹਰਿ ਰੰਗ ਗੋਪਾਲਾ ॥ ਊਚ ਨੀਚ ਕਰੇ ਪ੍ਰਤਿਪਾਲਾ ॥
ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ॥ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥੩॥
ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥ ਏਹ ਸੁਮਤਿ ਗੁਰੂ ਤੇ ਪਾਈ ॥
ਨਾਨਕ ਕੀ ਧਰ ਤੂੰ ਹੈ ਠਾਕੁਰ, ਹਰਿ ਰੰਗਿ ਪਾਰਿ ਪਰੀਵਾਂ ਜੀਉ ॥੪॥੯॥੧੬॥—ਪੰਨਾ ੯੯

ਚਿਲਮਿਲਿ ਬਿਸੀਆਰ* ਦੁਨੀਆ ਫਾਨੀ ।
ਕਾਲੂ ਬਿਅਕਲ ਮਨ ਗੋਰ ਨ ਮਾਨੀ ॥
ਮਨ ਕਮੀਨ ਕਮਤਰੀਨ, ਤੂ ਦਰੀਆਉ ਖੁਦਾਇਆ ॥
ਏਕ ਚੀਜੁ ਮੁਝੈ ਦੇਹਿ, ਅਵਰ ਜਹਰੁ ਚੀਜ ਨ ਭਾਇਆ ॥
ਪੁਰਾਬ ਖਾਮ ਕੂਜੈ, ਹਿਕਮਤਿ ਖੁਦਾਇਆ ॥
ਮਨੁ ਤੁਆਨਾ ਤੂ ਕੁਦਰਤੀ ਆਇਆ ॥
ਸਗ ਨਾਨਕ ਦੀਬਾਨ ਮਸਤਾਨਾ, ਨਿਤ ਚੜੈ ਸਵਾਇਆ ॥
ਆਤਸ ਦੁਨੀਆ, ਖੁਨਕ ਨਾਮੁ ਖੁਦਾਇਆ ॥ ਮ: ਵਾਰ ਮਲਾਰ, ਪੰਨਾ ੧੨੯੧

---

***ਔਖੇ ਸਬਦਾਂ ਦੇ ਅਰਥ** :—ਬਿਸੀਆਰ—ਬਹੁਤ । ਮਨ—ਮੈਂ । ਮਨ ਕਮੀਨ...—ਮੈਂ ਕਮੀਨਾ ਤੇ ਸਭ ਤੋਂ ਘਟੀਆ । ਪੁਰਾਬ-ਪੁਰ+ਆਬ, ਪਾਣੀ ਨਾਲ ਭਰਿਆ । ਖਾਮ ਕੂਜੈ—ਕਚਾ ਕੂਜਾ, ਸਰੀਰ । ਮਨ ਤੁਆਨਾ—ਮੈਂ (ਕਿਸੇ ਜੋਗਾ) ਹੁੰਦਾ ਤਾਂ । ਤੂ—ਤੇਰੀ । ਆਤਸ਼-ਅੱਗ । ਖੁਨਕ—ਠੰਢ ।



www.AKJ.Org

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇੜੀ ਪਗਹ ਤੇ, ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥
**ਤਪਤ ਕੜਾਹਾ ਬੁਝਿ ਗਇਆ**, ਗੁਰਿ ਸੀਤਲ ਨਾਮ ਦੀਓ ॥੧॥ਰਹਾਉ॥
ਜਬ ਤੇ ਸਾਧੂ ਸੰਗੁ ਭਇਆ, ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ, ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਭਰਮ ਕਾ, ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ, ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ, ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ, ਨਾਨਕ ਘਰਿ ਪਾਇਆ ॥੪॥ ਮਾਰੂ ਮ: ੫, ਪੰਨਾ ੧੦੦੨–੦੩

---

# 'ਸੂਰਾ' ਪੱਤਰ ਦੀ ਸੇਵਾ

ਇਹ ਗੱਲ ਸਮੂਹ ਸੰਗਤਾਂ ਦੇ ਗਿਆਤ ਵਿਚ ਹੀ ਹੈ ਕਿ 'ਸੂਰਾ' ਪਰਚਾ ਦੀ ਅਰੰਭਕ ਸੇਵਾ ਪਟਿਆਲੇ ਦੀ ਸੰਗਤ ਨੇ ਨਿਭਾਈ ਸੀ । ਹਾਲਾਤ ਕੁਝ ਐਸੇ ਹੋ ਗਏ ਕਿ ਇਸ ਮਾਸਕ ਪੱਤਰ ਦੀ ਸੇਵਾ ਜਲੰਧਰ ਦੀ ਸੰਗਤ ਪਾਸ ਆ ਗਈ । ਉਪਰੰਤ ਇਸ ਪਰਚੇ ਦੀ ਸੇਵਾ ਸ੍ਰੀ ਅੰਮ੍ਰਿਤਸਰ ਦੀ ਸੰਗਤ ਨੂੰ ਬਖਸ਼ੀ ਗਈ । ਸ੍ਰੀ ਅੰਮ੍ਰਿਤਸਰ ਦੀ ਸੰਗਤ ਨੂੰ ਇਸ ਪਰਚੇ ਦੀ ਸੇਵਾ ਕਰਦਿਆਂ ਨੌਵਾਂ ਸਾਲ ਸ਼ੁਰੂ ਹੋ ਗਿਆ ਹੈ । ਪਰਚੇ ਦੀ ਪ੍ਰਚਲਤ ਹਾਲਤ ਸੰਗਤਾਂ ਦੇ ਸਾਹਮਣੇ ਹੈ । ਪਰ ਕੁਝ ਸਜਣਾਂ ਵਲੋਂ ਅਜਿਹੇ ਹਾਲਾਤ ਪੈਦਾ ਕਰ ਦਿਤੇ ਗਏ ਹਨ ਕਿ ਇਸ ਪਰਚੇ ਦੀ ਸੇਵਾ ਜਾਂ ਤਾਂ ਭਾਈ ਸਾਹਿਬ ਰਣਧੀਰ ਸਿੰਘ ਪੁਸਤਕ ਟ੍ਰਸਟ ਸੰਭਾਲ ਲਵੇ ਜਾਂ ਦਿਲੀ ਦੀ ਸੰਗਤ ਇਸ ਸੇਵਾ ਲਈ ਕਮਰ-ਕੱਸ ਹੋ ਜਾਵੇ ।

ਇਸ ਪ੍ਰਥਾਇ ਆਪਣੇ ਵਿਚਾਰ ਦਾਸ ਨੂੰ ਲਿਖ ਭੇਜਣ ਦੀ ਕਿਰਪਾਲਤਾ ਕਰੋ ਜੀ ।

ਖਾਲਸਾ ਜੀ ਦਾ ਸੇਵਕ– ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ

---


# 'ਜੇਲ੍ਹ ਚਿਠੀਆਂ' ਤੇ 'ਗੁਰਮਤਿ ਨਾਮ ਅਭਿਆਸ ਕਮਾਈ'

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਜੇਲ੍ਹ ਚਿਠੀਆਂ | ੧੫–੦੦ |
| ਅਨਹਦ ਸ਼ਬਦ ਦਸਮ ਦੁਆਰ | ੬–੦੦ | ਅੰਮ੍ਰਿਤ ਕੀਹੈ ? | ੧–੦੦ |
| ਗੁਰਮਤਿ ਕਰਮ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦–੫੦ | ਪ੍ਰਗਟੀ ਜੋਤਿ ਮਿਲੈ ਰਾਮ ਪਿਆਰੇ | ੦-੪੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦–੨੫ |
| ਸਬਦੁ ਗੁਰ ਪੀਰਾ | ੦–੪੦ | ਗੁਰਬਾਣੀ ਦੀ ਪਾਰਸ ਕਲਾ | ੦–੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦–੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੦-੪੦ | ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੦-੫੦ |

HAIR--A DIVINE GIFT 0.40





www.AKJ.Org

# ਕੁਮਾਰ ਹੱਟੀ ਦੇ ਭਾਗ ਜਾਗਣੇ

[ਵਲੋਂ—ਪ੍ਰੋਫ਼ੈਸਰ ਠਾਕਰ ਸਿੰਘ ਜੀ, ਅੰਮ੍ਰਿਤਸਰ]

ਪੋਠੋਹਾਰ ਵਲ ਰਾਵਲਪਿੰਡੀ-ਫੇਰੀਆਂ ਦੇ ਸਮੇਂ ਹੀ ਕੁਮਾਰਹੱਟੀ-ਫੇਰੀਆਂ ਦੇ ਸਰੰਜਾਮ ਭੀ ਬਣ ਗਏ। ਅੰਗਰੇਜ਼ੀ ਰਾਜ ਵੇਲੇ ਸ਼ਿਮਲਾ ਲਾਈਨ ਤੇ ਡਗਸ਼ਈ ਪਹਾੜੀ ਠੰਢਾ ਥਾਂ ਹੋਣ ਕਰਕੇ ਗਰਮੀਆਂ ਦੇ ਦਿਨਾਂ ਲਈ ਗੋਰਿਆਂ ਦੀ ਛਾਉਣੀ ਹੁੰਦੀ ਸੀ। ਉਨ੍ਹੀਂ ਦਿਨੀਂ ਬਖ਼ਸ਼ੀ ਪ੍ਰਹਿਲਾਦ ਸਿੰਘ ਜੀ ਕੁੰਤਰੀਲੇ (ਰਾਵਲਪਿੰਡੀ) ਵਾਲੇ ਜੋ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਪੁਰਾਣੇ ਵਿਦਿਆਰਥੀ ਤੇ ਦਾਸ ਦੇ ਮੁਢ ਤੋਂ ਮਿੱਤਰ ਸਨ, ਡਗਸ਼ਈ ਛਾਉਣੀ ਵਿਚ ਮੈਜਿਸਟਰੇਟ ਬਣ ਕੇ ਆ ਲਗੇ। ਭਾਈ ਸਾਹਿਬ ਜਵਾਲਾ ਸਿੰਘ ਜੀ ਤੇ ਭਾਈ ਸਾਹਿਬ ਗੰਡਾ ਸਿੰਘ ਜੀ ਵੀ ਬਦਲ ਕੇ ਇਥੇ ਹੀ ਛਾਉਣੀ ਵਿਚ ਆ ਗਏ।

ਡਗਸ਼ਈ ਵਿਚ ਇਨ੍ਹਾਂ ਸਿੰਘਾਂ ਨੇ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਜਥੇ ਸਮੇਤ ਦਰਸ਼ਨ ਦੇਣ ਲਈ ਸੱਦਾ ਭੇਜਿਆ। ਸ੍ਰੀ ਮਾਨ ਭਾਈ ਸਾਹਿਬ ਲਈ ਅਤੇ ਜਥੇ ਲਈ ਇਨ੍ਹਾਂ ਪਿਆਰਿਆਂ ਨੇ ਡਗਸ਼ਈ ਦੇ ਲਾਗੇ ਹੀ ਜੰਗਲ ਵਿਚੋਂ, ਇਕਾਂਤ ਥਾਂ ਤੇ ਇਕ ਬੰਗਲਾ ਨੀਅਤ ਕੀਤਾ। ਸ੍ਰੀ ਬਾਊ ਮਲ ਸਿੰਘ ਜੀ ਵੀ ਭਾਈ ਸਾਹਿਬ ਜੀ ਦੇ ਨਾਲ ਹੀ ਜਥੇ ਸਮੇਤ ਉਥੇ ਪੁਜ ਗਏ। ਬਾਅਦ ਵਿਚ ਸੂਬੇਦਾਰ ਹਰਬਚਨ ਸਿੰਘ ਜੀ ਅਤੇ ਦਾਸਰਾ ਵੀ ਉਥੇ ਜਾ ਅਪੜੇ। ਜੰਗਲ ਵਿਚ ਮੰਗਲ ਲਗ ਗਏ। ਅੰਮ੍ਰਿਤ ਵੇਲੇ ਜਦ ਮਿਠੀਆਂ, ਠੰਢੀਆਂ ਤੇ ਸੁਹਾਵਣੀਆਂ ਪਉਣਾਂ ਚਲ ਰਹੀਆਂ ਹੁੰਦੀਆਂ ਤਾਂ ਖ਼ੂਬ ਨਾਮ ਬਾਣੀ ਤੇ ਕੀਰਤਨ ਦੀਆਂ ਧੁਨੀਆਂ ਪਹਾੜੀ ਦੀਆਂ ਚੋਟੀਆਂ ਵਿਚ ਗੂੰਜਦੀਆਂ। ਸ਼ਾਮ ਨੂੰ ਵੀ ਸੋਦਰ ਦੇ ਪਾਠ ਦੇ ਸਮਾਗਮ ਹੁੰਦੇ।

ਸ੍ਰੀ ਮਾਨ ਬਾਊ ਮਲ ਸਿੰਘ ਜੀ ਹੋਰਾਂ ਸ਼ਾਮ ਦੇ ਸਿਮਰਨ-ਪ੍ਰੋਗਰਾਮ ਲਈ ਇਕ ਉੱਚੀ ਪਹਾੜੀ ਤੇ ਜਗ੍ਹਾ ਬਣਾ ਲਈ ਅਤੇ ਉਥੇ ਸੂਬੇਦਾਰ ਹਰਬਚਨ ਸਿੰਘ ਜੀ ਤੇ ਦਾਸਰੇ ਨੂੰ ਨਾਲ ਲੈ ਜਾਂਦੇ ਅਤੇ ਨਾਮ-ਸਿਮਰਨ ਦੇ ਖ਼ੂਬ ਅਨੰਦ ਮਾਣਦੇ।

ਕੁਝ ਦਿਨਾਂ ਪਿਛੋਂ ਡਗਸ਼ਈ ਦੀ ਸੰਗਤ ਨੇ ਗੁਰਦਵਾਰਾ ਸਾਹਿਬ ਵਿਖੇ ਅਖੰਡਪਾਠ ਦਾ ਪ੍ਰੋਗਰਾਮ ਨੀਅਤ ਕੀਤਾ। ਇਹ ਸ੍ਰੀ ਅਖੰਡ ਪਾਠ ਆਦਿ ਤੋਂ ਅੰਤ ਤਕ ਸੰਪੂਰਨ ਇਕੋ ਚੌਕੜੇ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਸ੍ਰਵਣ ਕੀਤਾ ਅਤੇ ਬੜੇ ਹੀ ਰੰਗ ਮਾਣੇ।

ਸ੍ਰੀ ਅਖੰਡ ਪਾਠ ਦੀ ਸਮਾਪਤੀ ਤੇ ਅੰਮ੍ਰਿਤ-ਸਿੰਚਾਰ ਦਾ ਪਰਬੰਧ ਕੀਤਾ ਗਿਆ। ਇਸ ਸਮਾਗਮ ਵਿਚ ਕੁਮਾਰਹੱਟੀ ਦੀ ਵਸਨੀਕ ਇਕ ਪਹਾੜਨ ਬੀਬੀ ਪੇਸ਼ ਹੋਈ, ਜੋ ਪਹਿਲਾਂ ਵੀ ਸ੍ਰੀ ਅਖੰਡਪਾਠ ਦੇ ਦਿਨਾਂ ਵਿਚ ਆ ਕੇ ਸੰਗਤ ਦੇ ਦਰਸ਼ਨ ਕਰਦੀ ਸੀ। ਕੁਮਾਰਹੱਟੀ ਡਗਸ਼ਈ ਤੋਂ ਮੀਲ ਡੇਢ ਮੀਲ ਦੇ ਫਾਸਲੇ ਤੇ ਹੀ ਹੈ। ਬੀਬੀ ਤੋਂ ਪੁਛਣ ਤੇ ਪਤਾ ਲਗਾ ਕਿ ਉਹ ਤਾਂ ਪੰਜਾਬੀ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕਦੀ। ਇਸ ਹਾਲਤ ਵਿਚ ਉਹ ਗੁਰਬਾਣੀ ਨੂੰ ਕਿਵੇਂ ਸਮਝ ਸਕੇਗੀ? ਉਸ ਬੀਬੀ ਨੂੰ ਸ੍ਰੀਮਾਨ ਭਾਈ ਸਾਹਿਬ ਜੀ ਪਾਸ ਲਿਆਂਦਾ ਗਿਆ। ਉਨ੍ਹਾਂ ਦਸਿਆ, "ਜੇ ਕੋਈ ਵਿਅਕਤੀ ਅੰਮ੍ਰਿਤ ਛਕਣ ਲਈ ਤਿਆਰ ਹੋਵੇ ਅਤੇ ਉਹ ਅਜੇ ਪਾਠ ਨਾ ਵੀ ਕਰ ਸਕਦਾ ਹੋਵੇ, ਤਾਂ ਉਹ ਗੁਰ-ਮੰਤਰ ਦਾ ਜਾਪ ਤਾਂ ਕਰ ਸਕਦਾ ਹੈ। ਸੋ ਉਸ ਬੀਬੀ ਨੂੰ ਅੰਮ੍ਰਿਤ ਛਕਾਇਆ ਜਾਵੇ, ਪਰ ਜੇ ਉਹ ਰਹਿਤ ਰਖਣ ਅਤੇ ਦਸਤਾਰ ਸਜਾਉਣ ਲਈ ਤਿਆਰ ਹੋਵੇ।"

ਉਸ ਪਹਾੜਨ ਬੀਬੀ ਨੇ ਸਾਰੀ ਰਹਿਤ ਬਹਿਤ ਪਹਿਨ ਕੇ ਅੰਮ੍ਰਿਤ ਛਕ ਲਿਆ। ਬਾਅਦ ਵਿਚ ਉਸ ਬੀਬੀ ਨੇ ਬੇਨਤੀ ਕੀਤੀ ਕਿ ਸਾਰਾ ਜਥਾ ਉਨ੍ਹਾਂ ਦੇ ਗ੍ਰਿਹਿ ਵਿਖੇ ਲੰਗਰ ਛਕੇ। ਸੋ ਇਸੇ ਤਰ੍ਹਾਂ ਹੋਇਆ। ਸਭਨਾਂ ਨੇ ਉਸ ਬੀਬੀ ਦਾ ਪ੍ਰੇਮ ਦੇਖ ਕੇ ਬਹੁਤ ਖੁਸ਼ੀ ਮਨਾਈ। ਉਸ ਬੀਬੀ ਨੇ ਸ੍ਰੀਮਾਨ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀ ਰਿਹਾਇਸ਼ ਦੇ ਉਪਰਲੇ ਚੁਬਾਰੇ ਵਿਚ ਉਹ ਨਿਵਾਸ ਕਰ ਸਕਦੇ ਹਨ, ਉਹ ਆਪ ਆਪਣੇ



www.AKJ.Org

ਸਪੁੱਤਰ ਸਮੇਤ ਹੇਠਲੀ ਮੰਜ਼ਲ ਵਿਚ ਹੀ ਗੁਜ਼ਾਰਾ ਕਰ ਲਵੇਗੀ ।

ਅਸਲ ਵਿਚ ਤਾਂ ਇਹ ਸਭ ਕੁਝ, ਦਾਤਾ ਜੀ ਨੇ, ਸ੍ਰੀਮਾਨ ਭਾਈ ਸਾਹਿਬ ਜੀ ਦੀ, ਗਰਮੀਆਂ ਦੀ ਰਿਹਾਇਸ਼ ਲਈ, ਪ੍ਰੋਗਰਾਮ ਪਹਿਲਾਂ ਹੀ ਬਣਾਇਆ ਹੋਇਆ ਸੀ । ਇਸ ਤੋਂ ਪਿਛੋਂ ਹਰ ਸਾਲ ਭਾਈ ਸਾਹਿਬ ਆਪਣੇ ਪਰਵਾਰ ਅਤੇ ਜਥੇ ਸਮੇਤ ਇਸ ਥਾਂ ਨੂੰ ਭਾਗ ਲਾਉਂਦੇ ਰਹੇ । ਬਾਅਦ ਵਿਚ ਸਰਦਾਰ ਬਸ਼ੇਸ਼ਰ ਸਿੰਘ ਜੀ ਮੈਜਿਸਟਰੇਟ ਪਟਿਆਲਾ ਦੇ ਉਦਮ ਨਾਲ, ਲਾਗੇ ਹੀ ਸੋਹਣਾ ਜਿਹਾ ਗੁਰਦੁਆਰਾ ਬਣ ਗਿਆ । ਭਾਈ ਸਾਹਿਬ ਜੀ ਦੇ ਅਕਾਲ ਚਲਾਣਾ ਕਰਨ ਪਿਛੋਂ ਕਰਨਲ ਪਿਆਰਾ ਸਿੰਘ ਜੀ ਨੇ ਇਸ ਅਸਥਾਨ ਤੇ ਨਿਸ਼ਾਨ ਸਾਹਿਬ ਬਣਵਾ ਕੇ ਗਡ ਦਿਤਾ, ਅਤੇ ਇਹ ਅਸਥਾਨ 'ਤਪੋ ਬਨ' ਕਰਕੇ ਪ੍ਰਸਿਧ ਹੋ ਗਿਆ ।

ਸ੍ਰੀ ਮਾਨ ਭਾਈ ਰਣਧੀਰ ਸਿੰਘ ਜੀ ਕੁਮਾਰ ਹੱਟੀ ਦੇ ਇਸ ਅਸਥਾਨ ਤੇ ਕਈ ਸਾਲ ਗਰਮੀਆਂ ਵਿਚ ਨਿਵਾਸ ਰਖਦੇ ਰਹੇ । ਭਾਈ ਸਾਹਿਬ ਜੀ ਨੇ ਗੁਰਮਤਿ ਨੂੰ ਨਿਖਾਰਨ ਵਾਲੀਆਂ ਕਈ ਪੁਸਤਕਾਂ ਇਸੇ ਅਸਥਾਨ ਤੇ ਲਿਖੀਆਂ ਅਤੇ ਗੁਰੂ ਪੰਥ ਦੀ ਸੇਵਾ ਕੀਤੀ ।

ਭਾਈ ਸਾਹਿਬ ਜੀ ਨੇ ਇਥੇ ਇਕ ਵੱਡਾ ਛੱਤਰ ਬਣਵਾਇਆ, ਜਿਸ ਦੇ ਹੇਠ ਕਈ ਸਿੰਘ ਬੈਠ ਸਕਦੇ ਸਨ । ਅੰਮ੍ਰਿਤ ਵੇਲੇ ਸੋਚ ਇਸ਼ਨਾਨ ਕਰ ਕੇ ਸ੍ਰੀਮਾਨ ਜੀ ਅਤੇ ਹੋਰ ਸਿੰਘਾਂ ਨੇ ਇਸ ਛਤਰ ਹੇਠ ਆ ਬਿਰਾਜਣਾ ਅਤੇ ਨਾਮ ਸਿਮਰਨ ਦੀਆਂ ਛਹਿਬਰਾਂ ਲਾਉਣੀਆਂ ਤੇ ਨਿਤਨੇਮ ਤੋਂ ਬਾਅਦ ਸੁਖਮਨੀ ਸਾਹਿਬ, ਸੁਖਮਨਾ ਸਾਹਿਬ, ਦੋਵੇਂ ਬਾਰਹਮਾਹ ਅਤੇ ਹੋਰ ਕਈ ਬਾਣੀਆਂ ਦੇ ਅਨੰਦ-ਰਸ ਸਾਰਾ ਦਿਨ ਮਾਣਦੇ ਰਹਿੰਦੇ ।

ਕੁਮਾਰਹੱਟੀ ਅਸਥਾਨ ਤੇ ਕਈ ਸਾਲ ਅਖੰਡਪਾਠ ਤੇ ਕੀਰਤਨ ਦੇ ਸਮਾਗਮ ਜੁੜਦੇ ਰਹੇ । ਖਾਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਜਾਂਦਾ । ਇਥੋਂ ਹੀ ਕਈ ਵੇਰ ਸਰਦਾਰ ਇੰਦਰ ਸਿੰਘ ਜੀ, ਖਾਲਸਾ ਬੂਟ ਹਾਊਸ ਸ਼ਿਮਲਾ ਦੀ ਪ੍ਰੇਰਨਾ ਨਾਲ ਸ੍ਰੀਮਾਨ ਭਾਈ ਸਾਹਿਬ ਅਤੇ ਬਾਊ ਮਲ ਸਿੰਘ ਜੀ ਜਥੇ ਸਮੇਤ ਸ਼ਿਮਲੇ ਪੁਜਦੇ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਇਹ ਗੁਰਪੁਰਬ ਮਨਾਉਂਦੇ ਰਹੇ । ਸ੍ਰੀ ਅਖੰਡਪਾਠ, ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਹੁੰਦੇ । ਕੁਮਾਰਹੱਟੀ ਤੋਂ ਜਾ ਕੇ ਕਈ ਵੇਰ ਸੋਲਨ, ਧਰਮਪੁਰ, ਕਸੌਲੀ, ਕਾਲਕਾ ਤੇ ਚੰਡੀਗੜ੍ਹ ਆਦਿ ਵਿਖੇ ਵੀ ਕਈ ਸਮਾਗਮ ਕੀਤੇ ਜਾਂਦੇ ਰਹੇ । ਸਾਰੇ ਸਮਾਗਮਾਂ ਵਿਚ ਆਲੇ ਦੁਆਲੇ ਦੀਆਂ ਸੰਗਤਾਂ ਹੁਮ-ਹੁਮਾ ਕੇ ਪੁਜਦੀਆਂ ਅਤੇ ਖੂਬ ਰੰਗ-ਰਸ ਬਝਦੇ ਰਹੇ । ਕੁਮਾਰਹੱਟੀ ਤੋਂ ਹੀ ਗਰਮੀਆਂ ਦੇ ਜੁਲਾਈ ਅਗਸਤ ਵਿਚ ਕਸ਼ਮੀਰ-ਫੇਰੀਆਂ ਦੇ ਪ੍ਰੋਗਰਾਮ ਅਰੰਭ ਹੋਏ ਅਤੇ ਹੋਰ ਵੀ ਵਖ ਵਖ ਸ਼ਹਿਰਾਂ ਦੇ ਪੱਕੇ ਸਮਾਗਮ ਨੀਯਤ ਹੁੰਦੇ ਗਏ, ਜਿਹਾ ਕਿ ਦੁਸਹਿਰੇ ਦੇ ਦਿਨਾਂ ਵਿਚ ਦਿਲੀ, ਵਿਸਾਖੀ ਸ੍ਰੀ ਅੰਮ੍ਰਿਤਸਰ ਵਿਖੇ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਉਤਸ਼ਵ ਦਿਵਸ ਜਲੰਧਰ ਵਿਖੇ । ਅਤੇ ਕਲਗੀਧਰ ਜੀ ਦਾ ਪ੍ਰਕਾਸ਼ ਗੁਰਪੁਰਬ ਤਾਂ ਮੁਢ ਤੋਂ ਹੀ ਪਹਿਲਾਂ ਨਾਰੰਗਵਾਲ ਅਤੇ ਫਿਰ ਲੁਧਿਆਣੇ ਵਿਖੇ ਮਨਾਇਆ ਜਾਂਦਾ ।

**"ਕਸ਼ਮੀਰ-ਫੇਰੀਆਂ" ਅਗਸਤ ਵਿਚ**

---

## ਚੰਡੀਗੜ੍ਹ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਸ: ਚੈਨ ਸਿੰਘ ਜੀ ੧੦੮੫, ਸੈਕਟਰ ੨੧-ਬੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਨਿਵਾਸ ਤੇ ਭਾਈ ਚਰਨਪਾਲ ਸਿੰਘ ਜੀ ਦੀ ਯਾਦ ਵਿਚ ੫ ਜੁਲਾਈ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਅਖੰਡ ਕੀਰਤਨ ਹੋਣਗੇ । ਸੰਗਤਾਂ ਦਰਸ਼ਨ ਦੇ ਕੇ ਨਿਵਾਜਣ ।

---

ਭਾਈ ਤੇਜਿੰਦਰਪਾਲ ਸਿੰਘ (ਦੂਲਾ) ਦਾ ਐਡਰੈਸ ਅੱਜ ਕਲ੍ਹ ਇਉਂ ਹੈ—

ਮਕਾਨ ਨੰ: ੩੮੧/੨੧, ਗਲੀ ਨੰ: ੬, ਕ੍ਰਿਸ਼ਨਾ ਨਗਰ, ਸਿਵਲ ਲਾਈਨਜ਼, ਲੁਧਿਆਣਾ



www.AKJ.Org

# ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ

[ਵਲੋਂ--ਭਾਈ ਸਾਹਿਬ ਰਾਮ ਸਿੰਘ ਜੀ ਸੁਰੇਂਦਰਨ ਲੀਡਰ, 102–ਰਾਣੀ ਕਾ ਬਾਗ, ਸ੍ਰੀ ਅੰਮ੍ਰਿਤਸਰ]

ਪੂਰਨ ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਕਲਜੁਗੀ ਜੀਵਾਂ ਦੇ ਉਧਾਰ ਲਈ ਅਵਤਾਰ ਧਾਰਿਆ। ਚਾਰ ਉਦਾਸੀਆਂ ਰਾਹੀਂ, ਭੁੱਲੇ ਭਟਕੇ ਅਤੇ ਕੁਰਾਹੇ ਪਏ ਹੋਏ ਪ੍ਰਾਣੀਆਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਉਸ ਸਮੇਂ ਅਤੇ ਮੌਕੇ ਮੁਤਾਬਿਕ, ਲੋੜੀਂਦੇ ਉਪਦੇਸ਼ਾਂ ਰਾਹੀਂ ਸੁਮਤਿ ਬਖਸ਼ਕੇ ਪ੍ਰਭੂ-ਅਰਾਧਨਾ ਦੇ ਸਿੱਧੇ ਮਾਰਗ ਤੇ ਪਾਇਆ। ਗੁਰ ਨਾਨਕ-ਜੋਤਿ ਨੇ ਦਸ ਜਾਮੇ ਧਾਰ ਕੇ ਇਹ ਉਪਰਾਲਾ ਜਾਰੀ ਰੱਖਿਆ ਅਤੇ ਅਨੇਕਾਂ ਕੌਤਕ ਰਚ ਕੇ ਇਸ, ਧੁਰ ਦਰਗਾਹੋਂ, ਗਿਣੇ ਮਿਥੇ ਕਾਰਜ ਨੂੰ ਸਿਰੇ ਚਾੜ੍ਹਿਆ। ਇਸ ਗੁਰ-ਦਰਸਾਏ ਸੱਚੇ ਸੁੱਚੇ ਸਿਧੇ ਮਾਰਗ ਨੂੰ **ਸਿਖੀ ਮਾਰਗ** ਅਥਵਾ **ਗੁਰਮਤਿ ਮਾਰਗ** ਕਿਹਾ। ਇਸ ਮਾਰਗ ਦੇ ਪਾਂਧੀ 'ਗੁਰਸਿਖ' ਕਹਿਲਾਏ। ਗੁਰਸਿਖਾਂ ਦੀ ਅਗਵਾਈ ਲਈ ਗੁਰਬਾਣੀ (ਧੁਰ ਕੀ ਬਾਣੀ) ਅੰਕਿਤ ਕੀਤੀ ਅਤੇ ਹੋਰ ਬੇਅੰਤ ਕੌਤਕ ਰਚੇ।

ਜਗਤ ਨੇ ਗੁਰੂ ਸਾਹਿਬਾਂ ਦੇ ਜੀਵਨ-ਕੌਤਕਾਂ ਅਤੇ ਗੁਰਬਾਣੀ ਅੰਦਰ ਇਕ-ਸਾਰਤਾ ਦੇਖੀ ਅਤੇ ਇਸ ਤੋਂ ਪ੍ਰਾਪਤ ਕੀਤੇ ਗਿਆਨ ਨੂੰ ਆਪਣੀ ਜੀਵਨ-ਸੇਧ ਸਮਝਿਆ। ਦਸਵੇਂ ਜਾਮੇ ਵਿੱਚ ਪੰਜਾਂ ਪਿਆਰਿਆਂ ਦੀ ਸਾਜਨਾ ਸਾਜ ਕੇ ਹਮੇਸ਼ਾ ਲਈ ਹੀ ਪ੍ਰਾਣੀਆਂ ਦੇ ਗੁਰ-ਦੀਖਿਅਤ ਹੋਣ ਦਾ ਨਵਾਂ ਧੁਰਵਾ ਬੰਨ੍ਹ ਦਿੱਤਾ। ਅਤੇ ਜੋਤੀ ਜੋਤਿ ਸਮਾਉਣ ਤੋਂ ਪਹਿਲੋਂ ਉਸ ਰੱਬੀ ਜੋਤਿ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਿਵਾਸ ਬਖਸ਼ਿਆ।

ਗੁਰਬਾਣੀ ਅੰਦਰ, ਗੁਰਸਿਖ ਨੂੰ ਧਰਮ ਦੀ ਕਿਰਤ ਕਰਦੇ ਹੋਏ ਦਾਸਨ ਦਾਸ ਹੋ ਕੇ, ਸਾਸਿ ਗਿਰਾਸ ਨਾਮ ਜਪਦੇ ਹੋਏ ਰਹਿਣ (ਜੀਵਨ) ਦੀ ਜੁਗਤੀ ਦੱਸੀ ਹੈ, ਅਤੇ ਕਿਹਾ ਹੈ "ਗੁਰਮੁਖਿ ਨਿਮਾਣਾ ਹੋਹੁ"। ਸਾਨੂੰ ਕਦੇ ਕਦਾਈਂ ਇਹ ਸੋਚਣਾ ਬਣ ਆਉਂਦਾ ਹੈ ਕਿ ਗੁਰੂ ਸਾਹਿਬ ਜੀ ਨੇ ਗੁਰਸਿਖ ਨੂੰ ਨਿਮਾਣਾ ਹੋ ਕੇ ਰਹਿਣ ਲਈ ਕਿਉਂ ਕਿਹਾ ਹੈ? ਕਿਉਂ ਨਾ ਗੁਰਸਿਖ ਨੂੰ ਆਪਣੇ ਪੂਰੇ ਜਥੇ ਵਿੱਚ ਹੀ ਰਹਿਣ ਦਿੱਤਾ? ਨਿਮਾਣੇ ਨੂੰ ਤਾਂ ਲੋਕੀਂ ਜੀਊਣ ਨਹੀਂ ਦੇਂਦੇ। ਹਾਰੀ ਸਾਰੀ ਹੀ ਨਿਮਾਣੇ ਨੂੰ ਦਬਾਈ ਫਿਰਦਾ ਹੈ। ਕਿਸੇ ਦੀਆਂ ਮੁਸ਼ਕਾਂ ਬੰਨ੍ਹੀਆਂ ਜਾਂਦੀਆਂ ਹਨ, ਕਿਸੇ ਨੂੰ ਸੰਗਲਾਂ ਵਿੱਚ ਜੱਕੜ ਦਿੱਤਾ ਜਾਂਦਾ ਹੈ, ਕਿਸੇ ਦਾ ਮੂੰਹ ਕਾਲਾ ਕੀਤਾ ਜਾਂਦਾ ਹੈ, ਕਿਸੇ ਨੂੰ ਮਾਰ-ਕੁਟਾਈ ਕਰਕੇ ਉਸ ਨੂੰ ਸਿਖੀ-ਸੇਧ ਦੱਸੀ ਜਾਂਦੀ ਹੈ, ਕਿਸੇ ਨੂੰ ਘੂਰ ਘੱਪ ਕੇ ਚੰਗਾ ਸਿਖ ਬਣੇ ਰਹਿਣ ਲਈ ਹਿਦਾਇਤ ਕੀਤੀ ਜਾਂਦੀ ਹੈ।

ਸਿਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ, ਗੁਰੂ ਘਰ ਵਿੱਚ ਜਿਸ ਨੇ ਭੀ ਮਾਣ ਪਾਇਆ ਹੈ, ਅਥਵਾ ਨਾਮ ਦੀ ਪ੍ਰਾਪਤੀ ਦੀ ਵਡਿਆਈ ਪਾਈ ਹੈ, ਨਿਮਾਣਾ ਸੇਵਕ ਹੋ ਕੇ ਹੀ ਪਾਈ ਹੈ। ਆਪਣੇ ਆਪ ਨੂੰ ਕੁਝ ਸਮਝਣ ਨਾਲ ਨਹੀਂ ਪਾਈ। ਆਪਣੇ ਆਪ ਨੂੰ ਕੁਝ ਸਮਝਣ ਨਾਲ, ਹਉਮੈ ਅੰਦਰ ਆ ਨਿਵਾਸ ਕਰਦੀ ਹੈ ਅਤੇ ਸਾਡੀ ਸਾਰੀ ਕੀਤੀ ਕੱਤਰੀ ਤੇ ਪਾਣੀ ਫਰ ਦੇਂਦੀ ਹੈ, ਅਤੇ ਅਸੀਂ ਖ਼ਾਲ-ਮਖ਼ਾਲੀ ਹੋ ਜਾਂਦੇ ਹਾਂ। ਇਹ ਜਾਣਦੇ ਹੋਏ ਕਿ "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ" ਫਿਰ ਭੀ ਅਸੀਂ ਆਕੜ-ਖਾਨੀ ਨਹੀਂ ਛੱਡਦੇ। ਕਿਸੇ ਦੇ ਅਸੀਂ ਕੜੇ ਵਿੱਚ ਨੁਕਸ ਦੇਖਦੇ ਹਾਂ, ਕਿਸੇ ਦੇ ਕੱਛੇ ਦੀ ਨੁਕਤਾਚੀਨੀ ਕਰਦੇ ਹਾਂ, ਕਿਸੇ ਦੀ ਕਿਰਪਾਨ ਬਾਰੇ ਅਸੀਂ ਉਸ ਨੂੰ ਕਈ ਸੁਝਾਅ ਦੇਣ ਨੂੰ ਤਿਆਰ ਰਹਿੰਦੇ ਹਾਂ, ਕਿਸੇ ਦੀ ਕੇਸਕੀ ਦੇ ਰੰਗ, ਲੰਬਾਈ, ਅਥਵਾ ਸਜਾਉਣ ਦੇ ਢੰਗ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਨੁਕਤਾ-ਚੀਨੀਆਂ ਕਰਦੇ ਹਾਂ। ਕਿਸੇ ਨੂੰ ਅਸੀਂ ਕਹਿੰਦੇ ਹਾਂ ਇਹ ਗੁਟਕਿਆਂ ਪੋਥੀਆਂ ਅਤੇ ਗੁਰਬਾਣੀ ਦਾ ਸਤਿਕਾਰ ਨਹੀਂ ਕਰਦਾ, ਕਿਸੇ ਦੇ ਅਸੀਂ ਕੀਰਤਨ ਕਰਨ ਦੇ ਢੰਗ ਨੂੰ ਪਸੰਦ ਨਹੀਂ ਕਰਦੇ, ਕਿਸੇ ਦੇ ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਸਾਨੂੰ ਕਈ ਘਾਟੇ ਨਜ਼ਰ ਆਉਂਦੇ ਹਨ, ਕਿਸੇ ਦੇ ਬਿਬੇਕ ਨੂੰ ਅਸੀਂ ਮਖ਼ੌਲ ਕਰਦੇ ਹਾਂ। ਮੁਕਦੀ ਗੱਲ ਇਹ ਹੈ ਕਿ ਸਾਡੇ ਪਾਸ ਹਰ ਸਿਖ ਨੂੰ ਠੀਕ ਕਰਨ ਦਾ, ਹਰ ਵਕਤ ਹੀ, ਕਾਫ਼ੀ ਮਸਾਲਾ ਤਿਆਰ ਰਹਿੰਦਾ ਹੈ।



www.AKJ.Org

ਜਿਸ ਵਿਅਕਤੀ ਦੇ ਦਿਮਾਗ ਵਿੱਚ ਹਉਮੈ ਦਾ ਇਤਨਾ ਫ਼ਤੂਰ ਮੱਚਿਆ ਪਿਆ ਹੋਵੇ ਉਹ ਸੰਗਤਿ ਵਿੱਚ ਬੈਠਾ ਭੀ ਇਹੋ ਸੋਚਦਾ ਰਹਿੰਦਾ ਹੋਵੇਗਾ ਕਿ ਫਲਾਣੇ ਸਿਖ ਵਿੱਚ ਇਹ ਘਾਟ ਹੈ, ਫਲਾਣੇ ਵਿੱਚ ਔਹ ਘਾਟ ਹੈ। ਗੱਲ ਕੀ, ਜ ਸਾਰੇ ਨਹੀਂ ਤਾਂ, ਉਸ ਨੂੰ ਕਾਫੀ ਗੁਰਸਿਖ ਆਪਣੇ ਨਾਲੋਂ ਕਿਸੇ ਨਾ ਕਿਸੇ ਗੱਲ ਵਿਚ ਘਟੀਆ ਹੀ ਬੈਠੇ ਹੋਇ ਨਜ਼ਰ ਆਉਂਦੇ ਹੋਣਗੇ। ਅਜਿਹੇ ਅਹੰ-ਮਤੇ ਖਿਆਲ ਮਨ ਵਿੱਚ ਧਾਰ ਕੇ ਸੰਗਤਿ ਵਿੱਚ ਬੈਠ ਕੇ ਅਸੀਂ ਲਾਭ ਕੀ ਪ੍ਰਾਪਤ ਕਰਨਾ ਹੋਇਆ ?

ਇਸ ਦੇ ਉਲਟ ਜੇ ਅਸੀਂ ("ਗੁਰਮੁਖਿ ਨਿਮਾਣਾ ਹੋਹੁ" ਦੇ ਚਾਨਣ ਵਿੱਚ) ਆਪਣੇ ਆਪ ਨੂੰ ਸੱਚ-ਮੁੱਚ ਹੀ ਸਭ ਤੋਂ ਨੀਵੇਂ, ਨਿਮਾਣੇ ਅਤੇ ਘਟੀਆ ਸਿੱਖ ਸਮਝੀਏ ਤਾਂ ਸੰਗਤਿ ਵਿੱਚ ਬੈਠ ਕੇ ਸਾਨੂੰ ਇਹ ਖ਼ਿਆਲ ਆਏਗਾ ਕਿ ਗੁਰੂ ਸਾਹਿਬ ਜੀ ਨੇ ਸਾਡੇ ਤੇ ਕਿਤਨੀ ਕਿਰਪਾ ਕੀਤੀ ਹੈ ਜੋ ਸਾਨੂੰ ਉੱਤਮ ਗੁਰਸਿਖਾਂ ਦੀ ਸੰਗਤਿ ਬਖਸ਼ੀ ਹੈ। ਇਸ ਨਾਲ ਮਨ ਵੈਰਾਗ ਭਰੀ ਖੁਸ਼ੀ ਵਿੱਚ ਵਿਸਮਾਦ ਹੋਇਆ ਰਹੇਗਾ, ਅਤੇ ਸੰਗਤਿ ਵਿੱਚ ਬੈਠ ਕੇ ਸ਼ੁਕਰ ਸ਼ੁਕਰ ਕਰਦੇ ਹੋਏ, ਨਾਮ ਬਾਣੀ ਦਾ ਲਾਹਾ ਲੈਂਦੇ ਹੋਏ ਸੰਗਤਿ ਦੇ ਦਰਸ਼ਨ ਕਰਨ ਨਾਲ ਹੀ ਨਿਹਾਲੋ-ਨਿਹਾਲ ਹੋਂਦੇ ਜਾਵਾਂਗੇ। ਇਸ ਤਰ੍ਹਾਂ ਸੋਚਣ ਨਾਲ ਕਿਸੇ ਦੇ ਖਿਲਾਫ਼ ਤਾਂ ਕੀ ਖਿਆਲ ਆਉਣਾ ਹੈ, ਸਗੋਂ ਗੁਰਸਿਖਾਂ ਦੀ ਸੇਵਾ ਕਰਨ ਦਾ ਚਾਅ ਸਾਡੇ ਅੰਦਰ ਉੱਠੇਗਾ। ਇਸ ਵਿਚ ਤਾਂ ਲਾਭ ਹੀ ਲਾਭ ਹੈ, ਅਤੇ ਵੈਰ ਵਿਰੋਧ ਦਾ ਅਭਾਵ ਹੋ ਜਾਏਗਾ।

ਉਪਰੋਕਤ ਭੂਮਿਕਾ ਬੰਨ੍ਹਣ ਦੀ ਲੋੜ ਇਸ ਲਈ ਪਈ ਹੈ ਕਿ ਦਾਸ ਦਾ ਇਕ ਬੜਾ ਸਨੇਹੀ, ਜਿਸ ਨੂੰ ਕੁਝ ਸਮੇਂ ਤੋਂ ਦਾਸ ਆਪਣਾ ਮਿੱਤਰ ਕਹਿ ਚੁੱਕਾ ਹੈ, ਹਉਮੈ ਦੇ ਡੂੰਘੇ ਖੂਹ ਵਿਚ ਚੁਫਾਲ ਡਿੱਗ ਪਿਆ ਹੈ। ਇਸ ਤੋਂ ਇਲਾਵਾ ਇਹ ਮਿੱਤਰ ਕਈ ਹੋਰ ਭਿਅੰਕਰ ਰੋਗਾਂ ਦਾ ਭੀ ਸ਼ਿਕਾਰ ਹੋਇਆ ਪਿਆ ਹੈ। ਉਹ ਗੁਰਸਿਖਾਂ ਦੀ ਨਿੰਦਿਆ ਕਰਨ ਲੱਗਾ ਸੱਜਾ ਖੱਬਾ ਦੇਖਦਾ ਹੀ ਨਹੀਂ। ਅਜਿਹੀ ਨਿੰਦਿਆ ਨੂੰ, ਉਹ ਗੁਰਸਿੱਖਾਂ ਦੇ ਸੁਧਾਰ ਦਾ ਇਕ ਵਧੀਆ ਹਥਿਆਰ ਸਮਝਦਾ ਹੈ। ਆਪ ਮੋਮੋ-ਠਗਣਾ ਬਣ ਕੇ ਗੁਰਸਿਖਾਂ ਪਾਸੋਂ ਮਾਇਆ ਉਧਾਰੀ ਲੈ ਕੇ ਵਾਪਸ ਦੇਣ ਦਾ ਨਾਮ ਨਹੀਂ ਲੈਂਦਾ। ਹੋਰਨਾਂ ਦੀ ਕਮਾਈ ਉੱਤੇ ਰੰਗ-ਰਲੀਆਂ ਮਨਾਉਂਦਾ ਹੈ। ਕਿਸੇ ਨੂੰ ਕੁਝ ਮਿਥਦਾ ਹੀ ਨਹੀਂ। ਹਰ ਖੇਤਰ ਵਿੱਚ ਆਪ ਨੂੰ ਹੀ ਚੌਧਰੀ ਸਮਝਦਾ ਹੈ। ਦੂਜਿਆਂ ਨੂੰ ਕੰਮ-ਅਕਲ ਵਾਲੇ ਦੱਸਦਾ ਹੈ। ਆਪਣੇ ਮੁਫ਼ਾਦ ਲਈ ਦੂਸਰਿਆਂ ਦੇ ਮੋਢੇ ਉੱਤੇ ਬੰਦੂਕ ਰੱਖ ਕੇ ਚਲਾਉਣ ਦੀਆਂ ਸਕੀਮਾਂ ਬਣਾਉਂਦਾ ਰਹਿੰਦਾ ਹੈ।

"ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ" ਦੇ ਇਲਾਹੀ ਫ਼ੁਰਮਾਨ ਦੇ ਚਾਨਣ ਵਿੱਚ ਦਾਸ ਦਾ ਕੋਈ ਅਜਿਹਾ ਉਪਰਾਲਾ ਕਰਨ ਫ਼ਰਜ਼ ਬਣਦਾ ਹੈ, ਜਿਸ ਨਾਲ ਉਹ ਸਨੇਹੀ ਬਚ ਸਕੇ। ਇਸ ਵਿਚ ਉਸਦਾ ਭੀ ਭਲਾ ਹੈ ਅਤੇ ਦਾਸ ਨੂੰ ਭੀ ਬੇਹਦ ਖੁਸ਼ੀ ਹੋਏਗੀ। ਇਹ ਲੇਖ ਪੜ੍ਹਨ ਵਾਲੇ ਸੱਜਣ ਸ਼ਾਇਦ ਚਾਹੁੰਦੇ ਹੋਣਗੇ ਕਿ ਦਾਸ ਉਸ ਸੱਜਣ ਦਾ ਨਾਮ ਸੰਗਤਾਂ ਪ੍ਰਤੀ ਪਰਗਟ ਕਰ ਦੇਵੇ ਤਾਂ ਜੁ ਸਮੂਹ ਗੁਰਸਿਖ ਮਿਲ ਕੇ ਉਸ ਦਾ ਭਲਾ ਸੋਚ ਸਕਣ। ਦਾਸ ਨੂੰ ਭੀ ਉਸ ਮਿੱਤਰ ਦੇ ਭਲੇ ਲਈ ਉਸਦਾ ਨਾਮ ਦੱਸਣ ਵਿੱਚ ਕੋਈ ਹਿਚਕਚਾਹਟ ਨਹੀਂ ਹੈ। ਅਤੇ ਨਾ ਹੀ ਕਿਸੇ ਦਾ ਭਲਾ ਚਿਤਵਦਿਆਂ ਹੋਇਆਂ ਅਜਿਹਾ ਸੰਕੋਚ ਕਰਨਾ ਚਾਹੀਦਾ ਹੈ। ਗੁਰਸਿਖ ਪਰਉਪਕਾਰੀ ਹੋਇਆ ਕਰਦੇ ਹਨ। ਇਸ ਲਈ ਦਾਸ ਦੇ ਮਿੱਤ੍ਰ ਦਾ ਨਾਮ ਸੁਣ ਕੇ, ਆਪਣਾ ਪਰਉਪਕਾਰ ਦਾ ਫਰਜ਼ ਨਿਭਾਉਂਦੇ ਹੋਏ ਦਾਸ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਆਪ ਜੀ ਸੱਭੇ, ਕਿਰਪਾ ਕਰਕੇ ਉਸ ਮਿੱਤਰ ਨੂੰ ਨਿੰਦਿਆ, ਚੁਗਲੀ, ਅਤੇ ਸਿਖੀ ਦੇ ਠੇਕੇਦਾਰ ਬਣਨ ਦੀ ਹਉਮੈ ਤੋਂ ਹਟ ਕੇ ਨਾਮ ਜਪਣ ਦੀ ਅਸੀਸ ਦੇਣ ਵਿੱਚ, ਅਰਦਾਸ ਰੂਪ ਹੋ ਕੇ, ਸ਼ਾਮਲ ਹੋਵੋ ਜੀ। ਲਉ ਜੀ, ਨਾਲੇ ਉਸ ਮਿੱਤਰ ਦਾ ਨਾਮ ਸੁਣੋ ਅਤੇ ਨਾਲੇ ਉਸ ਨਮਿੱਤ ਅਸੀਸ-ਭਰੀ ਅਰਦਾਸ ਕਰੋ ਜੀ।

"ਮਨ ਪਿਆਰਿਆ ਜੀਉ ਮਿਤ੍ਰਾ, ਗੋਬਿੰਦ ਨਾਮੁ ਸਮਾਲੇ ॥"



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਪਾਠਕਾਂ ਚੋਂ ਆਖਰੀ ਨੰਬਰ ਦੇ 650/- ਰੁਪਏ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ।
ਬੈਂਕ ਚੋਂ ਬਣਵਾਈਆਂ ਗਈਆਂ ਐਫ ਡੀਆਂ ਦੇ ਨੰਬਰ ਇਸ ਪ੍ਰਕਾਰ ਹਨ :-

| | | | |
|---|---|---|---|
| 843. ਸ: ਇੰਦਰਜੀਤ ਸਿੰਘ M. A. | (ਚਿਟ ਨੰ: 3843) | 215630/634/81 | ਮਿਤੀ 22.6.81 |
| 844. ਸ: ਕੀਮਤ ਸਿੰਘ ਗਾਂਧੀ ਧਾਮ | ( ,, 3844) | 215631/635/81 | ,, |
| 845. ਸ: ਹਰਿੰਦਰ ਸਿੰਘ ਅੰਮ੍ਰਿਤਸਰ | ( ,, 3845) | 215632/636/81 | ,, |
| 846. ਸ: ਬਖਸ਼ੀਸ਼ ਸਿੰਘ ਗੁਰਦਵਾਰਾ ਕਲਗੀਧਰ | ( ,, 3846) | 215633/637/81 | ,, |
| 847 ਸ: ਹਰਮਿੰਦਰ ਸਿੰਘ ਮਨਜੀਤ ਸਿੰਘ ਖਡੂਜਾ | ( ,, 3847) | 215634/638/81 | ,, |
| 848. ਸ: ਗੁਰਚਰਨ ਸਿੰਘ ਮੁਰਾਦਾਬਾਦ | ( ,, 3848) | 215635/639/81 | ,, |
| 849. ਸ: ਸੁਰਜੀਤ ਸਿੰਘ ਸੇਖੋਂ | ( ,, 3849) | 215636/640/81 | ,, |
| 850. ਬਾਵਾ ਗੁਰਦਿਆਲ ਸਿੰਘ ਭੱਲਾ | ( ,, 3850) | 215637/641/81 | ,, |
| 851. ਸ: ਸੁਖਦਰਸ਼ਨ ਸਿੰਘ ਫੀਰੋਜ਼ਪੁਰ | ( ,, 3851) | 215638/642/81 | ,, |
| 852. ਸ: ਮੋਹਨ ਸਿੰਘ ਜਲੰਧਰ | ( ,, 3852) | 215639/643/81 | ,, |
| 853. ਸ: ਹਰਦਿਆਲ ਸਿੰਘ ਲੁਧਿਆਣਾ | ( ,, 3853) | 215640/644/81 | ,, |
| 854. ਸ: ਸਰਬਜੀਤ ਸਿੰਘ ਕੰਦੋਲਾ | ( ,, 3854) | 215641/645/81 | ,, |
| 855. ਸ: ਗਜਿੰਦਰ ਸਿੰਘ ਚੰਡੀਗੜ੍ਹ | ( ,, 3855) | 215642/646/81 | ,, |
| 856. ਕਾਕਾ ਪ੍ਰਵਿੰਦਰ ਸਿੰਘ ਰਾਮਪੁਰ ਮਨਹਾਰਾ | ( ,, 3856) | 215643/647/81 | ,, |
| 857. ਸ: ਮਨਜੀਤ ਸਿੰਘ ਗਿਲ M A | ( ,, 3857) | 215644/648/81 | ,, |
| 858. ਭਾ: ਚੈਨ ਸਿੰਘ ਯੂ. ਕੇ. | ( ,, 2023) | 215645/649/81 | ,, |

## ਪਰਦੇਸਾਂ ਲਈ ਰੇਟ – ਅਮਾਨਤੀ ਲਾਈਫ਼ ਮੈਂਬਰ

ਯੂ. ਕੇ. ਅਫ਼ਰੀਕਾ 650/- ਅਰਬ ਮਲਾਇਆ 500/- ਕੈਨੇਡਾ ਅਮਰੀਕਾ 750--

ਰਕਮ ਬੈਂਕ ਡਰਾਫ਼ਟ ਦੁਆਰਾ 'ਸੂਰਾ' ਅੰਮ੍ਰਿਤਸਰ ਦੇ ਨਾਂ ਭੇਜੋ।

---

## ਸ਼ਹੀਦਾਂ ਨਮਿਤ ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ

ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦਾਂ ਦੇ ਅਸਥਾਨ ਤੇ ਗੁਰਦਵਾਰਾ ਰਾਮਸਰ ਦੇ ਸਾਹਮਣੇ ੧੮ ਜੁਲਾਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

**ਸ਼ਹੀਦੀ ਫੰਡ ਦਾ ਹਿਸਾਬ ਕਿਤਾਬ**–ਜੂਨ ਦੇ ਪਰਚੇ ਵਿਚ ਪਿਛਲਾ ਸਾਰਾ ਹਿਸਾਬ ਦਿਤਾ ਗਿਆ ਹੈ। ਇਸ ਪੰਨੇ ਦੇ ਹੇਠਾਂ ਤੋਂ ਤੀਜੀ ਸਤਰ ਵਿਚ ਜੋ 8, 943-10 ਦੀ ਰਕਮ ਹੈ, ਬੀਬੀ ਅਮਰਜੀਤ ਕੌਰ ਜੀ (ਸੁਪਤਨੀ ਸ਼ਹੀਦ ਫੌਜਾ ਸਿੰਘ ਜੀ) ਰਾਹੀਂ ਚਲਦਾ ਵਹੀਰ ਲਈ ਅਗਸਤ 1979 ਵਿਚ ਯੂ. ਕੇ. ਤੋਂ ਆਈ ਹੋਈ ਇਹ ਰਕਮ ਦਿਤੀ ਗਈ ਸੀ।

---

## ਫ਼ਰੀਦਕੋਟ ਵਿਖੇ ਕੀਰਤਨ ਰੈਣ ਸਬਾਈ

ਸ: ਸਤਨਾਮ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਨੇੜੇ ਘੰਟਾ ਘਰ ਫ਼ਰੀਦਕੋਟ ਵਿਖੇ 25 ਜੁਲਾਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜ ਜੀ।

www.AKJ.Org

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜਨਮ ਦਿਵਸ ਸਮਾਗਮ ਨਾਰੰਗਵਾਲ ਵਿਖੇ

### ਵੀਰਵਾਰ 9 ਜੁਲਾਈ ਸਵੇਰ ਤੋਂ 12 ਜੁਲਾਈ 1981 ਐਤਵਾਰ ਸਵੇਰ ਤਕ

ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ੧੦੩ਵਾਂ ਜਨਮ-ਦਿਵਸ ਸਮਾਗਮ ਜੋ ਪਿਛਲੇ 'ਸੂਰਾ' ਵਿਚ ਲੁਧਿਆਣੇ ਹੋਣਾ ਛਪਿਆ ਹੈ ਉਹ ਹੁਣ ਬਦਲ ਕੇ ਲੁਧਿਆਣੇ ਦੀ ਬਜਾਏ, ਉਨ੍ਹਾਂ ਦੇ ਜਨਮ-ਅਸਥਾਨ ਪਿੰਡ ਨਾਰੰਗਵਾਲ ਵਿਚ ਹੇਠ ਲਿਖੀਆਂ ਨਵੀਆਂ ਤਰੀਕਾਂ ਅਨੁਸਾਰ ਹੋਣਾ ਨੀਯਤ ਹੋਇਆ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪਿੰਡ ਨਾਰੰਗਵਾਲ (ਗੁਰਦਵਾਰਾ ਅਕਾਲੀ ਵਾਲਾ) ਵਿਖੇ ਪੁਜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

9 ਜੁਲਾਈ ਸਵੇਰੇ 4 ਤੋਂ 7-30 ਆਸਾ ਦੀ ਵਾਰ ਉਪਰੰਤ ਅਰੰਭ ਅਖੰਡਪਾਠ ਸਾਹਿਬ
ਸ਼ਾਮ 8 ਤੋਂ 9-30 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ
10 ਜੁਲਾਈ ਸਵੇਰੇ 4 ਤੋਂ 10-00 ਕੀਰਤਨ ਆਸਾ ਦੀ ਵਾਰ। ਸ਼ਾਮ 8 ਤੋਂ 9-30 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ
11 ਜੁਲਾਈ ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਆਸਾ ਦੀ ਵਾਰ ਤੇ ਅਖੰਡ ਕੀਰਤਨ ਦੁਪਹਿਰਾਂ ਤਕ
ਸ਼ਾਮ 4 ਵਜੇ ਅਰੰਭ ਅੰਮ੍ਰਿਤ-ਸਿੰਚਾਰ
ਰਾਤ 8 ਵਜੇ ਸੋਦਰ ਦੀ ਚੌਕੀ ਤੋਂ ਉਪਰੰਤ ਰੈਣ ਸਬਾਈ ਕੀਰਤਨ, 12 ਜੁਲਾਈ ਸਵੇਰੇ 6 ਵਜੇ ਸਮਾਪਤੀ

ਨੋਟ :–ਲੁਧਿਆਣਾ ਨਵਾਂ ਬਸ ਸਟੈਂਡ 14 ਨੰਬਰ ਤੋਂ ਹਰ ਅੱਧੇ ਘੰਟੇ ਬਾਅਦ ਨਾਰੰਗਵਾਲ ਲਈ ਬਸ ਚਲਦੀ ਹੈ।

ਪ੍ਰਾਰਥਕ–
ਸੰਗਤ ਪਿੰਡ ਨਾਰੰਗਵਾਲ

ਭਾਈ ਦਲਜੀਤ ਸਿੰਘ ਖੇਤੀ ਬਾੜੀ ਇੰਸਪੈਕਟਰ
ਪਿੰਡ ਤੇ ਡਾਕਘਰ ਨਾਰੰਗਵਾਲ, ਜ਼ਿਲਾ ਲੁਧਿਆਣਾ

ਅਖੰਡ ਕੀਰਤਨੀ ਜਥਾ
ਜ਼ਿਲਾ ਲੁਧਿਆਣਾ

---

## ਸ੍ਰੀਮਾਨ ਬਾਊ ਮਲ ਸਿੰਘ ਜੀ ਦੀ ਦੂਜੀ ਸਾਲਾਨਾ ਬਰਸੀ ਸ੍ਰੀ ਤਰਨ ਤਾਰਨ ਵਿਖੇ

### ਸ਼ੁਕਰਵਾਰ 24 ਜੁਲਾਈ ਸਵੇਰ ਤੋਂ 26 ਜੁਲਾਈ 1981 ਐਤਵਾਰ ਦੁਪਹਿਰ ਤਕ

ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਰਮ ਨਿਕਟਵਰਤੀ ਆਤਮ-ਦਰਸੀ ਗੁਰਮੁਖ ਵੀਰ ਬਾਬੂ ਮਲ ਸਿੰਘ ਜੀ ਦੀ ਦੂਜੀ ਸਾਲਾਨਾ ਬਰਸੀ ਉਨ੍ਹਾਂ ਦੇ ਗ੍ਰਿਹ, ਗਲੀ ਬਾਊ ਮਲ ਸਿੰਘ, ਪਲਾਸੌਰ ਰੋਡ, ਸ੍ਰੀ ਤਰਨ ਤਾਰਨ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਾਮ ਬਾਣੀ ਤੇ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਲਈ ਦਰਸ਼ਨ ਦੇ ਕੇ ਨਿਵਾਜੋ ਜੀ।

24 ਜੁਲਾਈ ਸਵੇਰੇ 4-30 ਤੋਂ 7-30 ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ
26 ਜੁਲਾਈ ਸਵੇਰੇ 4-30 ਭੋਗ ਸ੍ਰੀ ਅਖੰਡਪਾਠ, ਉਪਰੰਤ ਆਸਾ ਦੀ ਵਾਰ ਤੇ ਅਖੰਡ ਕੀਰਤਨ

ਪ੍ਰਾਰਥਕ ਦਾਸਰੇ–ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਤੇ ਅਖੰਡਪਾਠ ਪ੍ਰੋਗਰਾਮ

ਸ: ਗੁਰਨਾਮ ਸਿੰਘ ਜੀ ਜਨਰਲ ਸਕੱਤਰ ਰੈਡਿੰਗ ਤੋਂ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਭੇਜਦੇ ਹਨ:–

4 ਜੁਲਾਈ 1981 ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ–ਗੁਰਦਵਾਰਾ ਰਾਮਗੜ੍ਹੀਆ ਬੋਰਡ, 14 ਸੇਂਟ ਜੇਮਜ਼ ਰੋਡ, ਡਰਬੀ
ਪੁਛ ਗਿਛ–ਭਾ: ਜਗਤਾਰ ਸਿੰਘ ਫ਼ੋਨ 0-332-44641 ਅਤੇ ਭਾ: ਅਜੀਤ ਸਿੰਘ ਫ਼ੋਨ 0 332-755986

19 ਜੁਲਾਈ ਐਤਵਾਰ ਸਵੇਰੇ 6 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਸ਼ਾਮ 3 ਵਜੇ ਤਕ ਅਖੰਡ ਕੀਰਤਨ, ਗੁਰ: ਦਸਮੇਸ਼ ਸਿਖ ਟੈਂਪਲ, ਵੀਲਰ ਸਟਰੀਟ off Lozells Rd., Birmingham 19, ਫ਼ੋਨ 021-523-9050
ਪੁਛ ਗਿਛ–ਭਾ: ਬਤਾ ਸਿੰਘ ਜੀ ਗੇਹਲ, ਫ਼ੋਨ 021-524-8280

15 ਅਗਸਤ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ, ਗੁਰਦਵਾਰਾ ਸਿਖ ਟੈਂਪਲ, ਨਿਊ ਸਟਰੀਟ, ਲੇਮਿੰਗਟਨ 5 PA. ਪੁਛ ਗਿਛ–ਭਾ: ਜਰਨੈਲ ਸਿੰਘ ਜੀ, ਫ਼ੋਨ 0926-30008

26 ਸਤੰਬਰ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ, ਗੁਰਦਵਾਰਾ ਨਾਨਕਸਰ, ਵਲਿੰਗਟਨ ਸਟਰੀਟ, ਵਾਲਸੋਲ, ਮਿਡਲੈਂਡ
ਪੁਛ ਗਿਛ–ਭਾਈ ਬਲਬੀਰ ਸਿੰਘ ਜੀ, ਫ਼ੋਨ 0922-38444

24 ਅਕਤੂਬਰ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ, ਗੁਰਦਵਾਰਾ ਦਸਮੇਸ਼ ਸਿਖ ਟੈਂਪਲ, ਵੀਲਰ ਸਟਰੀਟ, Off Lozells Rd., Birmingham-19 ਪੁਛ ਗਿਛ–ਭਾਈ ਮਦਨ ਸਿੰਘ ਬੀਬੀ ਕਿਰਪਾਲ ਕੌਰ, ਫ਼ੋਨ 021-359-7070

www.AKJ.Org